# FARM AND SPICE

Open 7 Days a Week
8.30 am to 9.00 pm

**SPECIAL OFFERS: 02-08 JUN**

Daily Specials on

ਗਾਜਰਾਂ
Carrots
Jumbo
99¢ /lb

ਐਂਬ੍ਰੋਸੀਆ ਸੇਬ
Ambrosia Apple
$1.49 /lb

ਫੂਜੀ ਸੇਬ
Fuji Apple
$1.49 /lb

ਹਰੇ ਪਿਆਜ
Green Onion
69¢ each

ਆਵੋਕਾਡੋ
Avocado
99¢ each

ਨਿੰਬੂ
Lemon
2 for $1.00

ਪਿੰਕ ਲੇਡੀ ਸੇਬ
Pink Lady Apple
$1.49 /lb

ਗਾਲਾ ਬੀ ਸੀ ਸੇਬ
Gala BC Apple
$1.49 /lb

ਹਰੇ ਨਿੰਬੂ
Lime
2 for $1.00

ਮੇਥੀ
Methi
Local
$1.99 each

ਪੁਦੀਨਾ
Mint
99¢ each

ਸਾਗ
Rapinni
Local
$1.99 each

ਸ਼ਿਮਲਾ ਮਿਰਚ
Green Pepper
$1.99 /lb

ਸੰਤਰਾ ਛੋਟਾ/ਵਡਾ
Orange Small/Large
$1.49 /lb

ਲਸਣ
Garlic
1kg
$3.49 each

ਬ੍ਰੋਕਲੀ
Brocolli
$2.49 /lb

ਖੀਰਾ
Cucumber
$1.49 each

ਲੈਟਿਸ ਰੋਮੇਨ
Lettuce Romaine
$1.99 each

ਹਰਾ ਨਾਰੀਅਲ
Young coconut
$3.49 each

ਫੁਲ ਗੋਬੀ
Cauliflower
$2.99 each

ਸਟ੍ਰਾਬੈਰੀ
Strawberry 1lb
$2.99 Pack

ਸੋਹਣਾ ਸਾਗ
Sohna
Sarson Ka Saag
850g
$2.99 each

ਪਚਰੰਗਾ ਸ਼ੱਕਰ
Pachranga
Punjabi Shakkar
1kg
$3.99 each

ਰੁਹਆਫਜ਼ਾ
Hamdard
Roohafza India
750ml
$3.99 each

ਸ਼ੇਰ ਗੁੜ ਸ਼ੱਕਰ
Sher
Gur/Shakkar
1kg
$3.99 each

ਪਾਰਲੀਮੈਂਟ ਚਾਵਲ
Parliament
Basmati Rice
8 lb
$7.99 each

ਰੈਡ ਲੇਬਲ ਚਾਹ
Red Label
Round Tea Bags
216Bags
$9.99 each

ਹੀਰ ਆਟਾ
Heer Atta
Whole Wheat/ Durum Chakki
20 lb
$12.99 each

ਕ੍ਰਾਉਨ ਤੇਲ
Crown
Sunflower Oil
3 ltr
$14.99 each

A+Plus
A+Plus asstd. pulses 1kg
50% OFF

Mangoes available at both locations

# 09-10 12830 96 Ave. Surrey BC | Tel: 604 930 7742
# 103-104 14320 64 Ave. Surrey BC | Tel: 604 593 6323

*while supply last

# ਵਿਸਾਖੀ ਦੇ ਪਵਿੱਤਰ ਦਿਹਾੜੇ ਨੂੰ ਮੁੱਖ ਰੱਖਦਿਆਂ ਨਿਸ਼ਾਨ ਸਾਹਿਬ ਦੀ ਸੇਵਾ ਅਤੇ ਨਵੀਂ ਬਿਲਡਿੰਗ ਦਾ ਉਦਘਾਟਨ ਕੀਤਾ ਗਿਆ:ਹਰਦੀਪ ਸਿੰਘ ਨਿੱਝਰ
















ਗੁਰੂ ਨਾਨਕ ਸਿੱਖ ਗੁਰਦੁਆਰਾ ਸਰੀ-ਡੈਲਟਾ ਦੀ ਸਿੱਖ ਸੰਗਤ ਵੱਲੋਂ ਵਿਸਾਖੀ ਦੇ ਪਵਿੱਤਰ ਦਿਹਾੜੇ ਨੂੰ ਮੁੱਖ ਰੱਖਦਿਆਂ ਹਰ ਸਾਲ ਦੀ ਤਰ੍ਹਾਂ ਪੰਜਾਂ ਪਿਆਰਿਆਂ ਦੀ ਅਗਵਾਈ ਵਿੱਚ ਸਿੱਖ ਸੰਗਤਾਂ ਵੱਲੋਂ ਨਿਸ਼ਾਨ ਸਾਹਿਬ ਦੇ ਨਵੇਂ ਚੋਲਾ ਸਾਹਿਬ ਚੜ੍ਹਾਏ ਗਏ। ਉੱਥੇ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਨਵੀਂ ਬਣੀ ਬਿਲਡਿੰਗ ਦਾ ਉਦਘਾਟਨ ਪੰਜ ਪਿਆਰੇ ਸਾਹਿਬਾਨਾ ਵਲੋਂ ਕੀਤਾ ਗਿਆ। ਇਸ ਵਿਸ਼ੇਸ਼ ਸਮਾਗਮ ਵਿੱਚ ਸਿੱਖ ਸੰਗਤਾਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ, ਛੋਟੇ-ਛੋਟੇ ਬੱਚਿਆਂ ਨੇ ਆਨੰਦ ਮਈ ਕੀਰਤਨ ਕੀਤਾ।ਕਥਾਵਾਚਕ ਭਾਈ ਮਨਦੀਪ ਸਿੰਘ ਵਿਦਿਆਰਥੀ ਦਮਦਮੀ ਟਕਸਾਲ ਨੇ ਨਿਸ਼ਾਨ ਸਾਹਿਬ ਦੀ ਮਹੱਤਤਾ ਬਾਰੇ ਸਿੱਖ ਸੰਗਤਾਂ ਨੂੰ ਵਿਸਥਾਰ ਨਾਲ ਜਾਣੂ ਕਰਵਾਇਆ। ਇੰਗਲੈਂਡ ਤੋਂ ਪੁੱਜੇ ਕਵੀਸ਼ਰੀ ਜਥੇ ਨੇ ਵਾਰਾਂ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ ਉਪਰੰਤ ਭਾਈ ਲਖਵੰਤ ਸਿੰਘ ਵੱਲੋਂ ਅਰਦਾਸ ਕੀਤੀ ਗਈ ਅਤੇ ਗੁਰੂ ਸਾਹਿਬ ਦੇ ਜੀਵਨ ਬਾਰੇ ਚਾਨਣਾ ਪਾਇਆ ਉਥੇ ਭਾਈ ਹਰਦੀਪ ਸਿੰਘ ਨਿੱਝਰ ਵੱਲੋਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਅਤੇ ਗੁਰੂ ਲੜ ਲੱਗਣ ਲਈ ਕਿਹਾ ਅਤੇ ਲੰਬੇ ਸਮੇਂ ਤੋਂ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਭਾਰਤੀ ਜੇਲ੍ਹਾਂ ਵਿੱਚ ਕੈਦ ਬੰਦੀ ਸਿੰਘਾਂ ਦੀ ਰਿਹਾਈ ਲਈ ਸਿੱਖ ਕੌਮ ਨੂੰ ਇੱਕ ਮੁੱਠ ਹੋ ਕੇ ਅਵਾਜ਼ ਬੁਲੰਦ ਕਰਨ ਲਈ "ਕੌਮੀ ਇਨਸਾਫ ਮੋਰਚੇ" ਦਾ ਸਾਥ ਦੇਣ ਲਈ ਬੇਨਤੀ ਕੀਤੀ। ਗੁਰੂ ਨਾਨਕ ਸਿੱਖ ਗੁਰਦੁਆਰਾ ਸਰੀ-ਡੈਲਟਾ ਦੀ ਪ੍ਰਬੰਧਕ ਕਮੇਟੀ ਹਮੇਸ਼ਾ ਦੀ ਤਰ੍ਹਾਂ ਸਿੱਖ ਸੰਗਤਾਂ ਦੀ ਸਹੂਲਤ ਲਈ ਗੁਰੂ ਸਾਹਿਬ ਦੀ ਕ੍ਰਿਪਾ ਸਦਕਾ ਨਾਲ ਜਿੱਥੇ ਹੋਰ ਨਵੇਂ ਪ੍ਰਾਜੈਕਟ ਸ਼ੁਰੂ ਕਰਨ ਲਈ ਪਹਿਲ ਦੇ ਅਧਾਰ ਤੇ ਆਉਣ ਵਾਲੇ ਸਮੇਂ ਵਿਚ ਵੀ ਨਿਰਸਵਾਰਥ ਸੇਵਾ ਨਿਭਾਉਂਦੇ ਰਹਿਣਗੇ। ਉੱਥੇ ਵਾਹਿਗੁਰੂ ਦੇ ਚਰਨਾ ਵਿਚ ਸਾਰੇ ਕਾਰਜ ਰਾਸ ਕਰਵਾਉਣ ਲਈ ਅਰਦਾਸ ਬੇਨਤੀ ਕਰਦੇ ਹਾਂ। ਇਸ ਸਮਾਗਮ ਵਿੱਚ ਗੁਰੂ ਕਾ ਲੰਗਰ ਅਤੁੱਟ ਵਰਤਿਆ ਗਿਆ ਅਤੇ ਸੇਵਾਦਾਰਾਂ ਵੱਲੋਂ ਛੋਲੇ ਪੂਰੀਆ ਅਤੇ ਜਲੇਬੀਆਂ ਆਦਿ ਦੇ ਵੱਖ-ਵੱਖ ਸਟਾਲ ਲਗਾਏ ਗਏ।

ਗੁਰਦੁਆਰਾ ਸਾਹਿਬ ਦੇ ਅਨਿੰਨ ਸੇਵਕ ਭਾਈ ਜੋਗਿੰਦਰ ਸਿੰਘ ਬਾਸੀ, ਜਿਨ੍ਹਾਂ ਨੇ ਪਿਛਲੇ ਦਿਨਾਂ ਵਿੱਚ ਮਾਤਾ ਆਸ ਕੌਰ ਬਾਸੀ ਅਤੇ ਮਾਤਾ ਹਰਨਾਮ ਕੌਰ ਦੀ ਯਾਦ ਵਿੱਚ ਸੇਵਾਵਾਂ ਕੀਤੀਆਂ ਸਨ, ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ ।

"ਖਾਲਿਸਤਾਨ ਰੈਫਰੈਂਡਮ" ਲਈ 10 ਸਤੰਬਰ ਨੂੰ ਕੈਨੇਡਾ ਵਿੱਚ ਪੈਣ ਵਾਲੀਆਂ ਵੋਟਾਂ ਵਾਲੇ ਵੱਡੇ-ਵੱਡੇ ਬੋਰਡ ਨੇ ਸਿੱਖ ਸੰਗਤਾਂ ਦਾ ਮਨ ਮੋਹ ਲਿਆ ਅਤੇ ਹਰ ਵਰਗ ਦੇ ਲੋਕਾਂ ਨੂੰ ਸਰਬੱਤ ਦੇ ਭਲੇ ਵਾਲੇ ਖਾਲਸਾ ਰਾਜ ਖਾਲਿਸਤਾਨ ਰੈਫਰੈਂਡਮ ਲਈ ਵੋਟਾਂ ਪਾਉਣ ਲਈ ਜਾਗਰੂਕ ਕੀਤਾ ਗਿਆ।

# ਮੋਦੀ ਸਰਕਾਰ ਨੇ ਸਿਲੇਬਸ ਵਿਚੋਂ ਸਿੱਖਾਂ ਨੂੰ ਵੱਖਰੀ ਕੌਮ ਵਜੋਂ ਦਰਜ ਹਵਾਲਾ ਹਟਾ ਦਿੱਤਾ



ਨਵੀਂ ਦਿੱਲੀ:ਸਿੱਖ ਘੱਟਗਿਣਤੀ ਦੀ ਪਛਾਣ ਨੂੰ ਖੋਹਣ ਦੀ ਕੋਸ਼ਿਸ਼ ਵਿੱਚ ਮੋਦੀ ਸਰਕਾਰ ਨੇ ਸਿਲੇਬਸ ਵਿੱਚੋਂ ਵੱਖਰੀ ਸਿੱਖ ਕੌਮ ਦਾ ਹਵਾਲਾ ਹਟਾ ਦਿੱਤਾ ਹੈ।ਆਲ ਇੰਡੀਆ ਸੈਕੰਡਰੀ ਸਕੂਲ ਇਮਤਿਹਾਨ, ਜਿਸ ਨੂੰ ਆਮ ਤੌਰ 'ਤੇ ਬੋਰਡ ਪ੍ਰੀਖਿਆਵਾਂ ਨੂੰ ਸੀਬੀਐਸਈ ਵਜੋਂ ਜਾਣਿਆ ਜਾਂਦਾ ਹੈ, ਦੇ 12ਵੀਂ ਜਮਾਤ ਦੇ ਵਿਦਿਆਰਥੀਆਂ ਲਈ ਰਾਜਨੀਤੀ ਸ਼ਾਸਤਰ ਦੀ ਪਾਠ ਪੁਸਤਕ ਵਿੱਚੋਂ ਸਿੱਖ ਹਵਾਲਿਆਂ ਨੂੰ ਹਟਾ ਦਿੱਤਾ ਗਿਆ ਹੈ।

ਭਾਰਤ ਦੀ ਨੈਸ਼ਨਲ ਕੌਂਸਲ ਆਫ਼ ਐਜੂਕੇਸ਼ਨਲ ਰਿਸਰਚ ਐਂਡ ਟ੍ਰੇਨਿੰਗ (ਐਨਸੀਈਆਰਟੀ), ਜੋ ਸਿਲੇਬਸ ਦੀ ਨਿਗਰਾਨੀ ਕਰਦੀ ਹੈ ਨੇ ਇੱਕ ਅਧਿਕਾਰਤ ਬਿਆਨ ਵਿੱਚ ਕਿਹਾਕਿ "ਉਪ-ਸਿਰਲੇਖ 'ਪੰਜਾਬ' ਦ ਲਾਈਨ' ਅਧੀਨ ਤੀਜੇ ਪੈਰੇ ਦੇ ਆਖਰੀ ਵਾਕ ਜਿਸ ਰਾਹੀਂ ਸਿੱਖ ਵੱਖਰਾ ਧਰਮ ਅਤੇ ਵੱਖਰੀ ਸਿੱਖ ਕੌਮ ਵਜੋਂ ਵੀ ਸਮਝਿਆ ਜਾ ਸਕਦਾ ਹੈ' ਨੂੰ ਹਟਾ ਦਿੱਤਾ ਗਿਆ ਹੈ।12ਵੀਂ ਜਮਾਤ ਦੀ ਰਾਜਨੀਤੀ ਸ਼ਾਸਤਰ ਦੀ ਪਾਠ ਪੁਸਤਕ ਦੀ ਸਾਫਟ ਕਾਪੀ ਬਦਲਾਵਾਂ ਦੇ ਨਾਲ 'NCERT' ਦੀ ਵੈੱਬਸਾਈਟ 'ਤੇ ਅਪਲੋਡ ਕੀਤੀ ਗਈ ਹੈ।

# ਅਭਿਨੇਤਾ ਨਸੀਰੂਦੀਨ ਸ਼ਾਹ ਦਾ ਕਹਿਣਾ ਹੈ ਕਿ ਭਾਰਤ ਵਿਚ 'ਮੁਸਲਮਾਨਾਂ ਵਿਰੁੱਧ ਨਫ਼ਰਤ ਫੈਸ਼ਨ ਬਣ ਗਿਆ




ਨਵੀਂ ਦਿੱਲੀ- ਉੱਘੇ ਭਾਰਤੀ ਅਭਿਨੇਤਾ, ਨਸੀਰੂਦੀਨ ਸ਼ਾਹ ਨੇ ਕਿਹਾ ਹੈ ਕਿ ਭਾਰਤ ਵਿੱਚ ਮੁਸਲਮਾਨਾਂ ਵਿਰੁੱਧ ਨਫ਼ਰਤ "ਫੈਸ਼ਨੇਬਲ" ਗੱਲ ਬਣ ਗਈ ਹੈ ਅਤੇ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਚਲਾਕੀ ਨਾਲ ਇਸ ਦਾ ਇਸਤੇਮਾਲ ਕਰ ਰਹੀ ਹੈ।ਨਸੀਰੂਦੀਨ ਸ਼ਾਹ, ਜੋ ਕਿ ਭਾਜਪਾ ਦੀ ਅਗਵਾਈ ਵਾਲੀ ਫਿਰਕੂ ਭਾਰਤੀ ਸਰਕਾਰ ਅਤੇ ਭਾਰਤ ਵਿੱਚ ਵੱਧ ਰਹੇ ਇਸਲਾਮੋਫੋਬੀਆ ਦੇ ਖੁੱਲ੍ਹੇ ਆਲੋਚਕ ਰਹੇ ਹਨ, ਨੇ ਇੰਡੀਅਨ ਐਕਸਪ੍ਰੈਸ ਨਾਲ ਇੱਕ ਇੰਟਰਵਿਊ ਵਿੱਚ ਕਿਹਾ, "ਓਹ ਯਕੀਨਨ, ਇਹ ਬਿਲਕੁਲ ਚਿੰਤਾਜਨਕ ਸਮਾਂ ਹਨ। ਉਸ ਕਿਸਮ ਦੀ ਸਮੱਗਰੀ ਜੋ ਸ਼ੁੱਧ, ਨਿਰਪੱਖ ਪ੍ਰਚਾਰ ਹੈ ਅਤੇ ਇਹ ਉਸ ਸਮੇਂ ਦੇ ਜ਼ੀਟਜੀਸਟ ਦਾ ਪ੍ਰਤੀਬਿੰਬ ਹੈ। ਮੁਸਲਮਾਨਾਂ ਨਾਲ ਨਫ਼ਰਤ ਅੱਜਕੱਲ੍ਹ, ਪੜ੍ਹੇ-ਲਿਖੇ ਲੋਕਾਂ ਵਿੱਚ ਵੀ ਫੈਸ਼ਨਯੋਗ ਹੈ। ਇਹ ਉਹ ਹੈ ਜੋ ਸੱਤਾਧਾਰੀ ਪਾਰਟੀ ਨੇ ਬੜੀ ਚਲਾਕੀ ਨਾਲ ਲੋਕਾਂ ਵਿੱਚ ਫੈਲਾਇਐ। ਜੇ ਅਸੀਂ ਧਰਮ ਨਿਰਪੱਖ ਲੋਕ ਜਮਹੂਰੀਅਤ ਦੀ ਗੱਲ ਕਰਦੇ ਹਾਂ ਤਾਂ ਫਿਰ ਤੁਸੀਂ ਧਰਮ ਨੂੰ ਹਰ ਚੀਜ਼ ਵਿਚ ਕਿਉਂ ਸ਼ਾਮਲ ਕਰ ਰਹੇ ਹੋ?ਅਭਿਨੇਤਾ ਨੇ ਇਸ ਗੱਲ 'ਤੇ ਵੀ ਆਪਣੀ ਰਾਏ ਜ਼ਾਹਰ ਕੀਤੀ ਕਿ ਕਿਸ ਤਰ੍ਹਾਂ ਸ਼ਰੇਆਮ ਲੋਕਾਂ ਵਿੱਚ ਮੁਸਲਮਾਨਾ ਖਿਲਾਫ ਪ੍ਰਚਾਰ" ਕੀਤਾ ਜਾ ਰਿਹਾ ਹੈ।ਬੇਬਾਕ ਇਸਲਾਮੋਫੋਬੀਆ ਜਿਸਦੀ ਵਰਤੋਂ ਚੋਣਾਂ ਵਿੱਚ ਵੋਟਾਂ ਹਾਸਲ ਕਰਨ ਲਈ ਕੀਤੀ ਜਾ ਰਹੀ ਹੈ।"ਮੇਰਾ ਮਤਲਬ ਹੈ ਕਿ ਸਾਡਾ ਚੋਣ ਕਮਿਸ਼ਨ ਕਿੰਨਾ ਜਮਹੂਰੀਅਤ ਲਈ ਸਖਤ ਹੈ? ਜੋ ਇੱਕ ਸ਼ਬਦ ਬੋਲਣ ਦੀ ਵੀ ਹਿੰਮਤ ਨਹੀਂ ਕਰਦਾ। ਜੇਕਰ ਕੋਈ ਮੁਸਲਿਮ ਨੇਤਾ ਹੁੰਦਾ ਜਿਸ ਨੇ ਕਿਹਾ ਹੁੰਦਾ, 'ਅੱਲ੍ਹਾ ਹੂ ਅਕਬਰ ਬੋਲ ਕੇ ਬਟਨ ਦਬਾਓ' (ਅੱਲ੍ਹਾ ਹੂ ਅਕਬਰ ਕਹੋ ਅਤੇ ਬਟਨ ਦਬਾਓ), ਤਾਂ ਉਸਦੀ ਕੀ ਹਾਲਤ ਹੁੰਦੀ।ਨਸੀਰੂਦੀਨ ਨੇ ਕਿਹਾ "ਪਰ ਇੱਥੇ ਸਾਡੇ ਪ੍ਰਧਾਨ ਮੰਤਰੀ ਮੋਦੀ ਆਮ ਹੀ ਇਸ ਤਰ੍ਹਾਂ ਦੀਆਂ ਗੱਲਾਂ ਕਹਿੰਦੇ ਹਨ ਕਿ ਹਨੂੰਮਾਨ ਦਾ ਨਾਂ ਲੈ ਕੇ ਬਟਨ ਦਬਾਉ ਪਰ ਫਿਰ ਵੀ ਉਹ ਹਾਰ ਜਾਂਦੇ ਹਨ। ਇਸ ਲਈ, ਮੈਨੂੰ ਉਮੀਦ ਹੈ ਕਿ ਅਜਿਹਾ ਕੰਮ ਇਹ ਬੰਦ ਹੋ ਜਾਵੇਗਾ। ਪਰ ਇਹ ਯਕੀਨੀ ਤੌਰ 'ਤੇ, ਇਸ ਸਮੇਂ,ਮੁਸਲਮਾਨਾ ਖਿਲਾਫ ਪ੍ਰਚਾਰ ਆਪਣੇ ਸਿਖਰ 'ਤੇ ਹੈ। ਇਹ ਮੋਦੀ ਸਰਕਾਰ ਦੁਆਰਾ ਖੇਡਿਆ ਗਿਆ ਇੱਕ ਬਹੁਤ ਚਲਾਕ ਪੱਤਾ ਹੈ, ਅਤੇ ਇਸ ਨੇ ਕੰਮ ਕੀਤਾ ਹੈ, ਦੇਖਦੇ ਹਾਂ ਕਿ ਇਹ ਕਦੋਂ ਤੱਕ ਕੰਮ ਕਰਦਾ ਰਹਿੰਦਾ ਹੈ।

# ਕੈਨੇਡਾ 'ਚ ਗੈਂਗਸਟਰ ਚੱਕੀ ਦੀ ਹੱਤਿਆ

ਓਟਵਾ:28 ਸਾਲਾ ਗੈਂਗਸਟਰ ਅਮਰਪ੍ਰੀਤ ਸਮਰਾ ਉਰਫ 'ਚੱਕੀ' ਦੀ ਫਰੇਜ਼ਰਵਿਊ ਬੈਂਕੁਏਟ ਹਾਲ ਵੈਨਕੂਵਰ ਵਿਖੇ ਵਿਆਹ ਸਮਾਗਮ ਦੌਰਾਨ ਅਣਪਛਾਤੇ ਹਮਲਾਵਰਾਂ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਇਹ ਘਟਨਾ ਤੜਕੇ 1.30 ਵਜੇ ਵਾਪਰੀ। ਜਦੋਂ ਉਹ ਹਾਲ ਵਿਚੋਂ ਬਾਹਰ ਆਇਆ ਤਾਂ ਬ੍ਰਦਰਜ਼ ਗਰੁੱਪ ਦੇ ਗੈਂਗਸਟਰਾਂ ਨੇ ਉਸ ਨੂੰ ਗੋਲੀਆਂ ਮਾਰ ਦਿੱਤੀਆਂ।

# ਐਬਟਸਫੋਰਡ ਦੀ ਸੰਗਤ ਨੇ 'ਮਨੁੱਖਤਾ ਦੀ ਸੇਵਾ' ਲਈ 5 ਲੱਖ 72 ਹਜ਼ਾਰ ਰੁਪਏ ਭੇਜੇ




ਐਬਟਸਫੋਰਡ:ਐਬਟਸਫੋਰਡ ਦੀ ਸੰਗਤ ਵੱਲੋਂ ਹਸਨਪੁਰ(ਲੁਧਿਆਣਾ) ਵਿਖੇ ਚੱਲ ਰਹੀ ਮਨੁੱਖਤਾ ਦੀ ਸੇਵਾ ਲਈ 5 ਲੱਖ 72 ਹਜ਼ਾਰ 260 ਰੁਪਏ ਭੇਜੇ ਗਏ।ਐਬਟਸਫੋਰਡ ਵਿਖੇ ਰੋਟਰੀ ਸਟੇਡੀਅਮ ਵਿੱਚ ਬੈਠਣ ਵਾਲੇ ਭਰਾਵਾਂ ਨੇ 4485 ਡਾਲਰ,ਖਾਲਸਾ ਦੀਵਾਨ ਸੁਸਾਇਟੀ ਐਬਟਸਫੋਰਡ ਤੋਂ 3025 ਡਾਲਰ, ਰਿਜਵਿਊ ਪਾਰਕ 400 ਦਾਲਰ ਕਲੀਅਰਬਰੁਕ ਪਾਰਕ ਦੀ ਸੰਗਤ ਨੇ 420 ਡਾਲਰ,ਸਰੀ ਦੀ ਸੰਗਤ 900 ਡਾਲਰ ਦੀ ਸਹਾਇਤਾ ਦਿੱਤੀ।ਕੁੱਲ 9230 ਡਾਲਰ ਇਕੱਠੇ ਹੋਏ।ਜਿਨਾ ਦੇ 5 ਲੱਖ 72 ਹਜ਼ਾਰ 260 ਰੁਪਏ ਬਣੇਂ।ਇਹ ਮਾਇਆ ਐਬਟਸਫੋਰਡ ਰਹਿੰਦੇ ਸ.ਕੁਲਵੰਤ ਸਿੰਘ ਕਲਾਰ ਦੀ ਮਾਰਫਤ ਮਨੁੱਖਤਾ ਦੀ ਸੇਵਾ ਹਸਨਪੁਰ ਪਹੁੰਚਾ ਦਿੱਤੇ ਹਨ।ਵਧੇਰੇ ਜਾਣਕਾਰੀ ਲਈ ਉਥੇ ਸੇਵਾ ਕਰ ਰਹੀ ਨਰਸ ਬੀਬੀ ਮਨਜੀਤ ਕੌਰ ਨਾਲ 011-91-97805-32627 ਤੇ ਸੰਪਰਕ ਕਰ ਸਕਦੇ ਹੋ।









# ਕੈਨੇਡਾ ਦੇ ਸਸਕੈਚਵਾਨ ਸੂਬੇ ਨੇ ਸਿੱਖ ਮੋਟਰਸਾਈਕਲ ਸਵਾਰਾਂ ਨੂੰ ਵਿਸ਼ੇਸ਼ ਸਮਾਗਮਾਂ ਦੌਰਾਨ ਦਿੱਤੀ ਰਾਹਤ





ਟਰਾਂਟੋ, – ਕੈਨੇਡਾ ਦੇ ਸਸਕੈਚਵਾਨ ਸੂਬੇ ਦੀ ਸਰਕਾਰ ਨੇ ਸਿੱਖ ਮੋਟਰਸਾਈਕਲ ਸਵਾਰਾਂ ਨੂੰ 'ਚੈਰਿਟੀ ਰਾਈਡ' ਵਰਗੇ ਵਿਸ਼ੇਸ਼ ਸਮਾਗਮਾਂ ਦੌਰਾਨ ਹੈਲਮੇਟ ਪਾਉਣ ਤੋਂ ਅਸਥਾਈ ਛੋਟ ਦੇ ਦਿੱਤੀ ਹੈ। ਇਹ ਕਦਮ ਬ੍ਰਿਟਿਸ਼ ਕੋਲੰਬੀਆ ਸੂਬੇ ਤੋਂ ਬਾਹਰ ਸਥਿਤ ਇੱਕ ਮੋਟਰਸਾਈਕਲ ਸਮੂਹ, ਲੀਜੈਂਡਰੀ ਸਿੱਖ ਰਾਈਡਰਜ਼ ਦੀ ਪਹਿਲ ਦੇ ਬਾਅਦ ਚੁੱਕਿਆ ਗਿਆ, ਜਿਸ ਨੇ ਸਸਕੈਚਵਨ ਨੂੰ ਚੈਰੀਟੇਬਲ ਕਾਰਨਾਂ ਲਈ ਪੈਸਾ ਇਕੱਠਾ ਕਰਨ ਲਈ ਕੈਨੇਡਾ ਭਰ ਵਿਚ ਸਵਾਰੀ ਕਰਨ ਦੀ ਇਜਾਜ਼ਤ ਦੇਣ ਲਈ ਇੱਕ ਬਦਲਾਅ 'ਤੇ ਵਿਚਾਰ ਕਰਨ ਲਈ ਕਿਹਾ ਸੀ।

ਇੱਥੇ ਦੱਸ ਦਈਏ ਕਿ ਬ੍ਰਿਟਿਸ਼ ਕੋਲੰਬੀਆ, ਅਲਬਰਟਾ, ਮੈਨੀਟੋਬਾ ਅਤੇ ਓਨਟਾਰੀਓ, ਸਸਕੈਚਵਨ ਸੂਬਿਆਂ ਵਿਚ ਧਾਰਮਿਕ ਕਾਰਨਾਂ ਕਰਕੇ ਸਥਾਈ, ਬਲੈਂਕੇਟ ਹੈਲਮੇਟ ਛੋਟਾਂ ਹਨ, ਪਰ ਕਾਨੂੰਨ ਬਾਕੀ ਸਾਰੇ ਮੋਟਰਸਾਈਕਲ ਸਵਾਰਾਂ ਨੂੰ ਜਨਤਕ ਆਵਾਜਾਈ ਦੌਰਾਨ ਹੈਲਮੇਟ ਪਾਉਣਾ ਲਾਜ਼ਮੀ ਬਣਾਉਂਦਾ ਹੈ। ਸ਼ਘੀ ਲਈ ਜ਼ਿੰਮੇਵਾਰ ਮੰਤਰੀ ਡੌਨ ਮੋਰਗਨ ਨੇ ਕਿਹਾ ਕਿ "ਮੋਟਰਸਾਈਕਲ ਸਵਾਰਾਂ ਲਈ 'ਹੈਲਮੇਟ' ਸੁਰੱਖਿਆ ਉਪਕਰਨਾਂ ਦਾ ਇੱਕ ਜ਼ਰੂਰੀ ਹਿੱਸਾ ਹੈ।" ਸਸਕੈਚਵਨ ਸਰਕਾਰ ਦੁਆਰਾ ਜਾਰੀ ਇੱਕ ਮੀਡੀਆ ਰੀਲੀਜ਼ ਅਨੁਸਾਰ ਵਾਹਨ ਉਪਕਰਣ ਨਿਯਮਾਂ ਵਿਚ ਸੋਧਾਂ ਅਸਥਾਈ ਹੋਣਗੀਆਂ ਅਤੇ ਸਿੱਖ ਧਰਮ ਦੇ ਸਾਰੇ ਮੈਂਬਰਾਂ ਨੂੰ ਬਿਨਾਂ ਹੈਲਮੇਟ ਦੇ ਮੋਟਰਸਾਈਕਲ ਚਲਾਉਣ ਦੀ ਕੋਈ ਬਲੈਂਕੇਟ ਛੋਟ ਪੇਸ਼ ਕਰਨ ਦੀ ਕੋਈ ਯੋਜਨਾ ਨਹੀਂ ਹੈ। ਮੋਰਗਨ ਨੇ ਕਿਹਾ ਕਿ ਸਾਡੀ ਸਰਕਾਰ ਅਸਥਾਈ ਛੋਟਾਂ ਦੇ ਇਸ ਪ੍ਰਬੰਧ ਨੂੰ ਇੱਕ ਨਿਰਪੱਖ ਸਮਝੌਤੇ ਵਜੋਂ ਦੇਖਦੀ ਹੈ, ਜੋ ਭਵਿੱਖ ਵਿਚ ਚੈਰਿਟੀ ਫੰਡਰੇਜ਼ਰਾਂ ਨੂੰ ਅੱਗੇ ਵਧਣ ਦੇ ਯੋਗ ਬਣਾਵੇਗੀ"। ਛੋਟਾਂ ਨੂੰ ਸਸਕੈਚਵਨ ਗੌਰਮਿੰਟ ਇੰਸ਼ੋਰੈਂਸ (ਐੱਸ.ਜੀ.ਆਈ.) ਲਈ ਜ਼ਿੰਮੇਵਾਰ ਮੰਤਰੀ ਦੁਆਰਾ ਮਨਜ਼ੂਰੀ ਦੇਣੀ ਪਵੇਗੀ ਅਤੇ ਇਹ ਸਿੱਖ ਭਾਈਚਾਰੇ ਦੇ ਮੈਂਬਰਾਂ ਤੱਕ ਸੀਮਿਤ ਹੋਵੇਗੀ, ਜੋ ਆਪਣੇ ਵਿਸ਼ਵਾਸ ਦੇ ਪ੍ਰਗਟਾਵੇ ਵਜੋਂ ਦਸਤਾਰ ਸਜਾਉਂਦੇ ਹਨ ਅਤੇ ਹੈਲਮੇਟ ਪਹਿਨਣ ਵਿਚ ਅਸਮਰੱਥ ਹਨ। ਦਿੱਤੀ ਗਈ ਕੋਈ ਵੀ ਛੋਟ ਉਨ੍ਹਾਂ ਯਾਤਰੀਆਂ ਜਾਂ ਸਵਾਰੀਆਂ 'ਤੇ ਲਾਗੂ ਨਹੀਂ ਹੋਵੇਗੀ, ਜੋ ਅਜੇ ਵੀ ਸਿਖਿਆਰਥੀ ਹਨ ਜਾਂ ਆਪਣੇ ਗ੍ਰਹਿ ਸੂਬੇ ਦੇ ਗ੍ਰੈਜੂਏਟ ਡ੍ਰਾਈਵਰ ਲਾਇਸੰਸਿੰਗ ਪ੍ਰੋਗਰਾਮ ਵਿਚ ਹਨ।

# ਯਾਸੀਨ ਮਲਿਕ ਨੂੰ ਮੌਤ ਦੀ ਸਜ਼ਾ ਦੇਣ ਦੀ ਮੰਗ ਵਿਚ ਭਾਜਪਾ ਕਦੇ ਵੀ ਆਪਣਾ ਹੱਥ ਨਹੀਂ ਲੁਕਾਉਂਦੀ



ਸ੍ਰੀਨਗਰ: ਭਾਰਤ ਵਿੱਚ ਸੱਤਾਧਾਰੀ ਭਾਰਤੀ ਜਨਤਾ ਨੇ ਗ਼ੈਰ-ਕਾਨੂੰਨੀ ਤੌਰ 'ਤੇ ਨਜ਼ਰਬੰਦ ਕੀਤੇ ਗਏ ਜੰਮੂ-ਕਸ਼ਮੀਰ ਲਿਬਰੇਸ਼ਨ ਦੇ ਚੇਅਰਮੈਨ ਮੁਹੰਮਦ ਯਾਸੀਨ ਮਲਿਕ ਲਈ ਮੌਤ ਦੀ ਸਜ਼ਾ ਦੀ ਮੰਗ ਕਰਨ ਦਾ ਆਪਣਾ ਇਰਾਦਾ ਸਪੱਸ਼ਟ ਕਰ ਦਿੱਤਾ ਹੈ।ਭਾਰਤ ਦੀ ਖ਼ੌਫ਼ਨਾਕ ਕੌਮੀ ਜਾਂਚ ਏਜੰਸੀ ਵੱਲੋਂ ਮੁਹੰਮਦ ਯਾਸੀਨ ਮਲਿਕ ਦੀ ਉਮਰ ਕੈਦ ਦੀ ਸਜ਼ਾ ਨੂੰ ਮੌਤ ਦੀ ਸਜ਼ਾ ਵਿੱਚ ਬਦਲਣ ਲਈ ਦਿੱਲੀ ਹਾਈ ਕੋਰਟ ਵਿੱਚ ਦਾਖ਼ਲ ਹੋਣ ਤੋਂ ਕੁਝ ਦਿਨ ਬਾਅਦ, ਭਾਰਤੀ ਜਨਤਾ ਪਾਰਟੀ ਦੇ ਆਗੂ ਅਲਤਾਫ਼ ਠਾਕੁਰ ਨੇ ਕਿਹਾ, ਜੇਕਰ ਅਦਾਲਤ ਜੇਕੇਐਲਐਫ ਨੂੰ ਮੌਤ ਦੀ ਸਜ਼ਾ ਸੁਣਾਉਂਦੀ ਹੈ ਤਾਂ ਉਨ੍ਹਾਂ ਦੀ ਪਾਰਟੀ ਸਵਾਗਤ ਕਰੇਗੀ। ਐੱਨਆਈਏ ਨੇ 26 ਮਈ ਨੂੰ ਦਿੱਲੀ ਹਾਈ ਕੋਰਟ ਤੱਕ ਪਹੁੰਚ ਕਰਕੇ ਮਲਿਕ ਲਈ ਮੌਤ ਦੀ ਸਜ਼ਾ ਦੀ ਮੰਗ ਕੀਤੀ, ਜਿਸ ਨੂੰ ਇੱਕ ਫਰਜ਼ੀ ਕੇਸ ਵਿੱਚ ਹੇਠਲੀ ਅਦਾਲਤ ਨੇ ਉਮਰ ਕੈਦ ਦੀ ਸਜ਼ਾ ਸੁਣਾਈ ਸੀ।ਅਲਤਾਫ ਠਾਕੁਰ, ਜੋ ਭਾਜਪਾ ਦੇ ਕਸ਼ਮੀਰ ਚੈਪਟਰ ਦੇ ਬੁਲਾਰੇ ਹਨ, ਨੇ ਸ੍ਰੀਨਗਰ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮੁਹੰਮਦ ਯਾਸੀਨ ਮਲਿਕ ਨੂੰ ਫਾਂਸੀ ਦੀ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ।ਜੇਕਰ ਅਦਾਲਤ ਵੱਲੋਂ ਉਸ ਨੂੰ ਮੌਤ ਦੀ ਸਜ਼ਾ ਸੁਣਾਈ ਜਾਂਦੀ ਹੈ ਤਾਂ ਭਾਜਪਾ ਇਸ ਦਾ ਸਵਾਗਤ ਕਰੇਗੀ।

# ਜੰਮੂ ਵਿੱਚ ਨਾਗਰਿਕ ਦੀ ਹੱਤਿਆ

ਸ੍ਰੀਨਗਰ:-ਜੰਮੂ 'ਚ ਫਿਰ ਇਕ ਆਮ ਨਾਗਰਿਕ ਨੂੰ ਨਿਸ਼ਾਨਾ ਬਣਾ ਕੇ ਉਸ ਦੀ ਹੱਤਿਆ ਕਰ ਦਿੱਤੀ। ਐਨਡੀਟੀਵੀ ਮੁਤਾਬਕ ਇਹ ਘਟਨਾ ਅਨੰਤਨਾਗ ਵਿੱਚ ਵਾਪਰੀ, ਜਿੱਥੇ ਇੱਕ ਸਰਕਸ ਵਿੱਚ ਕੰਮ ਕਰਨ ਵਾਲੇ ਊਧਮਪੁਰ ਦੇ ਰਹਿਣ ਵਾਲੇ ਦੀਪੂ ਨੂੰ ਗੋਲੀ ਮਾਰ ਕੇ ਮਾਰ ਦਿੱਤਾ। ਜ਼ਖ਼ਮੀ ਦੀਪੂ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ।


ਇੰਮੀਗਰੇਸ਼ਨ ਸਬੰਧੀ ਤਸੱਲੀਬਖਸ਼ ਸੇਵਾਵਾਂ ਲਈ

CANADIAN VISA & SUPER VISA*
SPOUSAL SPONSORSHIP*
STUDY- WORK PERMIT & LMIA*
CIC REFUSAL APPEAL CASES*
PR & CITIZENSHIP APPLICATION*
INDIAN VISA-NAME CHANGE APPLICATION
PCC-OCI-RTI APPLICATIONS
IELTS & ENGLISH SPEAKING

*Services provided by Registered Canadian Immigration Consultant

* Settlement Services For New Immigrants
* Social Insurance Number-Medical Service Plan
*Child Care Benefit Application



Call : 778-869-1097
By Appointment Only
#202-12677-80AVE SURREY

CANRISE IMMIGRATION
www.canriseimmigration.com
778-565-1717

CANRISE IMMIGRATION

SPOUSAL SPONSORSHIP ਸਪਾਊਜਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ

BCPNP ਬੀ ਸੀ ਪੀ ਐਨ ਪੀ
- New BCPNP program is Open. Get FREE Assessment.
- To bring your relatives or friends in your business contact us.
- Students on Open Work Permit can apply in this program.

ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ।ਫਰੀ ਅਸੈਸਮੈਂਟ ਲਉ।ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ।ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।

- ਐਲ ਐਮ ਆਈ ਏ / ਵਰਕ ਪਰਮਿਟ
- ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜਾ
- ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
- ਬੀ. ਸੀ. ਪੀ. ਐਨ. ਪੀ.
- ਆਪਨੇ ਬਿਨਜਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
- ਇਨ-ਹੋਮ ਕੇਅਰਗਿਵਰਜ (ਨੈਨੀ)
- ਸਟੂਡੈਂਟ ਵੀਜ਼ਾ

- LMIA / Work Permit
- PARENTS & GRANDPARENTS SPONSORSHIP
- SPOUSAL SPONSORSHIP (MARRIAGE CASES)
- BCPNP
- In Home Caregivers (Nanny)
- SUPER VISA FOR PARENTS
- Student Visa

OUR SERVICES:
- Visitors Visa / Skilled Workers
- Temporary Workers
- Quebec Immigration
- Family Sponsorship
- Provincial Nominees
- Canadian Experience Class
- Business / Entrepreneurs / Investor Immigration
- Extension Of Temporary Visa
- Restoration Of Status
- Refugee Claims
- Citizenship Application
- Immigration & Investment Programs For Farmers / Businessmen

CANRISE
Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)
iccrc crcic

UNI GLOBAL IMMIGRATION
Consulting Services Ltd.
Your Dream......Our Passion

For all your Immigration Related Needs:
- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers (TFW). We help employers in each and every step of acquring Temporary Foreign Workers

Tel. : 604-338-4975
778-323-3141
#12387-75 Avenue Surrey, BC V3W 2S7
E-mail: contactuniglobal@gmail.com
RCIC CRIC

# ਸ਼੍ਰੋਮਣੀ ਕਮੇਟੀ ਆਪਣਾ ਚੈਨਲ ਸਥਾਪਤ ਕਰੇ



ਸ਼੍ਰੋਮਣੀ ਗੁ.ਪ੍ਰ.ਕਮੇਟੀ ਵਲੋਂ ਸ੍ਰੀ ਦਰਬਾਰ ਸਾਹਿਬ ਤੋਂ ਗੁਰਬਾਣੀ ਕੀਰਤਨ ਪ੍ਰਸਾਰਣ ਲਈ ਆਪਣਾ ਚੈੱਨਲ ਲਗਾਉਣਾ ਖਾਲਸਾ ਪੰਥ ਅਤੇ ਗੁਰੂ ਨਾਨਕ ਲੇਵਾ ਸੰਗਤਾਂ ਦੀ ਚਿਰੋਕਣੀ ਮੰਗ ਹੈ।ਦੇਸ਼ ਵਿਦੇਸ਼ ਵਿੱਚ ਬੈਠੀਆਂ ਸੰਗਤਾਂ ਆਪਣੇ ਕੇਂਦਰੀ ਧੁਰੇ ਸ੍ਰੀ ਦਰਬਾਰ ਸਾਹਿਬ ਨਾਲ ਗੁਰਬਾਣੀ ਕੀਰਤਨ ਰਾਹੀਂ ਜੁੜਨਾਂ ਲੋਚਦੀਆਂ ਹਨ।ਪਿੱਛਲੇ ਸਮੇ ਤੋਂ ਇਸ ਮੰਗ ਦੀ ਪੂਰਤੀ ਲਈ ਸ਼੍ਰੋਮਣੀ ਗੁ.ਪ੍ਰ. ਕਮੇਟੀ ਨੇ ਸਾਰਥਕ ਯੱਤਨ ਵੀ ਕੀਤੇ ਹਨ, ਕਿਸ਼ੋਰ ਮੁਤਿਆਨੀ ਦੇ ਪੰਜਾਬੀ ਵਰਲਡ ਚੈਂਨਲ ਤੋਂ ਸ਼ੁਰੂ ਹੋਇਆ ਇਹ ਯਤਨ ਜ਼ੀ ਪੰਜਾਬੀ ਈ ਟੀ ਸੀ ਪੰਜਾਬੀ ਤੇ ਅੱਜ ਕੱਲ ਪੀ ਟੀ ਸੀ ਪੰਜਾਬੀ ਤੱਕ ਪੁੱਜ ਚੁੱਕਾ ਹੈ, ਸ੍ਰੀ ਦਰਬਾਰ ਸਾਹਿਬ ਤੋਂ ਦੂਰ ਦੁਰਾਡੇ ਬੈਠੀਆਂ ਸਿੱਖ ਸੰਗਤਾਂ ਪੀ ਟੀ ਸੀ ਰਾਹੀਂ ਗੁਰਬਾਣੀ ਦੇ ਸਿੱਧੇ ਪ੍ਰਸਾਰਣ ਦਾ ਲਾਹਾ ਲੈ ਰਹੀਆਂ ਹਨ।ਕਿਓਂਕਿ ਪੀ ਟੀ ਸੀ ਚੈੱਨਲ ਦੀ ਮਾਲਕੀ ਬਾਦਲ ਪ੍ਰੀਵਾਰ ਦੀ ਹੈ ਇਸ ਲਈ ਬਾਦਲ ਪ੍ਰੀਵਾਰ ਉੱਤੇ ਗੁਰਬਾਣੀ ਪ੍ਰਸਾਰਣ ਰਾਹੀਂ ਮਾਇਕ ਲਾਹਾ ਲੈਣ ਦੇ ਦੋਸ਼ ਵੀ ਜ਼ੋਰ ਸ਼ੋਰ ਨਾਲ ਲੱਗਦੇ ਰਹੇ ਹਨ, ਇਹ ਗੱਲ ਵੀ ਗੁੱਝੀ ਨਹੀਂ ਹੈ ਕਿ ਬਾਦਲ ਪ੍ਰੀਵਾਰ ਲੰਮੇ ਸਮੇ ਤੋਂ ਸ਼੍ਰੋਮਣੀ ਅਕਾਲੀ ਦੱਲ ਉੱਤੇ ਕਾਬਜ਼ ਹੈ, ਆਪਣੇ ਤੋਂ ਅਲੱਗ ਸੋਚ ਰੱਖਣ ਵਾਲੇ ਅਕਾਲੀਆਂ ਨੂੰ ਉਨ੍ਹਾਂ ਵਲੋਂ ਬਾਹਰ ਦਾ ਰਸਤਾ ਦਿਖਾਇਆ ਜਾ ਚੁੱਕਾ ਹੈ ਅਤੇ ਕੁੱਝ ਅਕਾਲੀ ਜੋ ਇਹਨਾਂ ਦੀਆਂ ਪ੍ਰੀਵਾਰ ਪ੍ਰਸਤ ਨੀਤੀਆਂ ਅਤੇ ਬਰਗਾੜੀ ਘਟਨਾਕ੍ਰਮ ਸਮੇ ਨਿਭਾਈ ਭੂਮਿਕਾ ਅਤੇ ਸੌਦਾ ਸਾਧ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਦਿਵਾਈ ਝੂਠੀ ਮੁਆਫੀ ਨਾਲ ਸਹਿਮਤ ਨਹੀਂ ਹਨ ਉਹ ਆਪ ਇਨ੍ਹਾਂ ਤੋਂ ਕਿਨਾਰਾ ਕਰ ਚੁੱਕੇ ਹਨ। ਸ਼੍ਰੋਮਣੀ ਗੁ.ਪ੍ਰ.ਕਮੇਟੀ ਵਿੱਚ ਕਿਓਂਕਿ ਬਾਦਲ ਦੱਲ ਵੱਡੇ ਬਹੁਮਤ ਵਿੱਚ ਹੈ ਇਸ ਲਈ ਸ਼੍ਰੋਮਣੀ ਗੁ.ਪ੍ਰ.ਕਮੇਟੀ ਵਿੱਚ ਕੌਣ ਅਹੁਦੇਦਾਰ ਬਣੇਗਾ, ਕਿਸ ਨੂੰ ਜਥੇਦਾਰ ਬਣਾਇਆ ਜਾਵੇਗਾ ਅਤੇ ਕੀ ਫੈਸਲੇ ਲਏ ਜਾਣਗੇ ਵਾਰੇ ਬਾਦਲਾਂ ਦੀ ਦਖ਼ਲਅੰਦਾਜ਼ੀ ਹੁਣ ਗੁੱਝੀ ਨਹੀਂ ਹੈ।ਸ਼੍ਰੋਮਣੀ ਗੁ.ਪ੍ਰ.ਕਮੇਟੀ ਦੇ ਪ੍ਰਧਾਨ ਸਾਹਿਬ ਵਲੋਂ ਪਿੱਛਲੇ ਦਿਨੀਂ ਗੁਰਬਾਣੀ ਦੇ ਪ੍ਰਸਾਰਣ ਲਈ ਵੱਖ ਵੱਖ ਚੈਨਲਾਂ ਪਾਸੋਂ ਟੈਂਡਰ ਮੰਗਣ ਦੀ ਗੱਲ ਕਹੀ ਗਈ ਹੈ, ਇਹ ਵੀ ਕਿਹਾ ਗਿਆ ਹੈ ਕਿ ਕੁੱਝ ਸਖ਼ਤ ਸ਼ਰਤਾਂ ਵੀ ਲਾਈਆਂ ਜਾਣਗੀਆਂ ਤਾਂ ਕਿ ਕੋਈ ਚੈਨਲ ਮਾਲਕ ਨਾਜਾਇਜ ਫਾਇਦਾ ਨਾਂ ਉਠਾ ਸਕੇ।ਮੇਰੀ ਰਾਏ ਹੈ, ਸ਼ਰਤਾਂ ਜਿੰਨੀਆਂ ਮਰਜ਼ੀ ਸਖ਼ਤ ਲਾਈਂ ਜਾਊ ਕਿਓਂਕਿ ਕਾਰੋਵਾਰੀ ਲੋਕਾਂ ਨੇ ਹੀ ਇਹ ਟੈਂਡਰ ਭਰਨੇ ਹਨ ਇਸ ਲਈ ਉਨ੍ਹਾਂ ਵਲੋਂ ਆਪਣੇ ਨਿੱਜੀ ਹਿੱਤਾਂ ਨੂੰ ਪਹਿਲ ਦੇਣ ਤੋਂ ਕੋਈ ਸ਼ਰਤ ਨਹੀ ਰੋਕ ਸਕੇਗੀ, ਇਹ ਭੀ ਹੋ ਸਕਦਾ ਹੈ ਕਿ ਕੋਈ ਪੰਥ ਵਿਰੋਧੀ ਸ਼ਕਤੀ ਤੁਹਾਡੇ ਟੈਂਡਰ ਦੀਆਂ ਸ਼ਰਤਾਂ ਪੂਰੀਆਂ ਕਰਕੇ ਟੈਂਡਰ ਲੈਣ ਵਿੱਚ ਸਫਲ ਹੋ ਜਾਵੇ ਤੇ ਬਾਅਦ ਵਿੱਚ ਆਪ ਹੁਦਰੀਆਂ ਕਰਕੇ ਪੰਥ ਲਈ ਮੁਸੀਵਤ ਬਣ ਜਾਵੇ।ਸ੍ਰੀ ਅਕਾਲ ਤਖ਼ਤ ਸਾਹਿਬ ਦਾ ਹੁੱਕਮ ਵੀ ਸ਼੍ਰੋਮਣੀ ਗੁ.ਪ੍ਰ.ਕਮੇਟੀ ਨੂੰ ਆਪਣਾਂ ਚੈੱਨਲ ਸਥਾਪਤ ਕਰਨ ਦਾ ਹੀ ਹੈ ਸ਼੍ਰੋਮਣੀ ਗੁ.ਪ੍ਰ.ਕਮੇਟੀ ਕੋਲ ਆਪਣਾਂ ਚੈੱਨਲ ਸਥਾਪਤ ਕਰਨ ਲਈ ਸਾਧਨਾਂ ਦੀ ਵੀ ਕੋਈ ਕਮੀਂ ਨਹੀਂ ਹੈ ਇਸ ਲਈ ਕਿਸੇ ਹੋਰ ਨੂੰ ਇਹ ਮੌਕਾ ਦੇਣ ਨਾਲੋਂ ਆਪ ਆਪਣਾਂ ਚੈੱਨਲ ਸਥਾਪਤ ਕਰਨਾਂ ਚਾਹੀਦਾ ਹੈ,ਪ੍ਰਸਾਰਣ ਸਮੇ ਪੰਥਕ ਮਰਯਾਦਾ ਦੀ ਰਾਖੀ ਸ਼੍ਰੋਮਣੀ ਗੁ.ਪ੍ਰ. ਕਮੇਟੀ ਤੋਂ ਵੱਧ ਹੋਰ ਕੌਣ ਕਰ ਸਕਦਾ ਹੈ ?

**–ਗੁਰੂ ਪੰਥ ਦਾ ਦਾਸ ਸੁਖਦੇਵ ਸਿੰਘ "ਭੌਰ"**













# ਗੁਰੂ ਗ੍ਰੰਥ ਸਾਹਿਬ ਦਾ ਅਪਮਾਨ ਬਰਦਾਸ਼ਤ ਨਹੀਂ ਕਰਾਂਗੇ-ਫੈਡਰੇਸ਼ਨ ਆਫ ਯੂ. ਕੇ.

## ਸਿੰਧੀ ਮੰਦਰ 'ਚੋਂ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਲਿਜਾਣ ਦੇ ਸੰਬੰਧ 'ਚ ਸਿੱਖਾਂ 'ਤੇ ਕੇਸ ਦਰਜ



ਲੰਡਨ, (ਮਨਪ੍ਰੀਤ ਸਿੰਘ ਬੱਧਨੀ ਕਲਾਂ)- ਲੰਡਨ ਦੇ ਇੱਕ ਸਿੰਧੀ ਮੰਦਰ 'ਚੋਂ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਲਿਜਾਣ ਦੇ ਸੰਬੰਧ 'ਚ ਕੁਝ ਸਿੱਖਾਂ 'ਤੇ ਕੇਸ ਦਰਜ ਕਰਨ ਨੂੰ ਲੈ ਕੇ ਸਿੱਖ ਭਾਈਚਾਰੇ 'ਚ ਰੋਸ ਪਾਇਆ ਜਾ ਰਿਹਾ ਹੈ। ਬੀਤੇ ਦਿਨੀ ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨ ਵਲੋਂ ਗੁਰੂ ਨਾਨਕ ਗੁਰਦੁਆਰਾ ਸਮੈਦਿਕ ਵਿਖੇ ਕੀਤੀ ਇਕ ਪ੍ਰੈਸ ਕਾਨਫ਼ਰੰਸ 'ਚ ਭਾਈ ਕੁਲਦੀਪ ਸਿੰਘ ਚਹੇੜੂ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ, ਭਾਈ ਜੋਗਾ ਸਿੰਘ, ਭਾਈ ਜਗਵਿੰਦਰ ਸਿੰਘ, ਭਾਈ ਤਰਸੇਮ ਸਿੰਘ ਦਿਉਲ, ਭਾਈ ਗੁਰਦੇਵ ਸਿੰਘ ਚੂਹਾਨ, ਭਾਈ ਕੁਲਵੰਤ ਸਿੰਘ ਮੁਠੱਡਾ, ਭਾਈ ਸਰਬਜੀਤ ਸਿੰਘ, ਭਾਈ ਕੁਲਦੀਪ ਸਿੰਘ ਦਿਉਲ, ਭਾਈ ਮਨਪ੍ਰੀਤ ਸਿੰਘ, ਭਾਈ ਗੁਰਪ੍ਰੀਤ ਸਿੰਘ, ਭਾਈ ਹਰਵਿੰਦਰ ਸਿੰਘ, ਭਾਈ ਜਗਦੀਪ ਸਿੰਘ , ਭਾਈ ਦੁਪਿੰਦਰਜੀਤ ਸਿੰਘ, ਭਾਈ ਜਗਜੀਤ ਸਿੰਘ ਨੇ ਹਿੱਸਾ ਲਿਆ ਅਤੇ ਉਨ੍ਹਾਂ ਦੱਸਿਆ ਕਿ ਸਿੰਧੀ ਮੰਦਰ 'ਚ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਮੇਜ਼ 'ਤੇ ਰੱਖ ਕੇ ਕੁਰਸੀ 'ਤੇ ਬੈਠ ਕੇ ਪਾਠ ਕੀਤਾ ਜਾਂਦਾ ਹੈ ਅਤੇ ਕੁਰਸੀਆਂ 'ਤੇ ਬੈਠ ਕੇ ਹੀ ਸੁਣਿਆ ਜਾਂਦਾ ਹੈ। ਇਸ ਤੋਂ ਇਲਾਵਾ ਉੱਥੇ ਸਿੰਧੀ ਨ੍ਰਿ ਕੀਤਾ ਜਾਂਦਾ ਹੈ ਜੋ ਕਿ ਗੁਰੂ ਸਾਹਿਬ ਦਾ ਘੋਰ ਅਪਮਾਨ ਹੈ। ਇਸ ਮੰਦਰ ਤੋਂ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਗੁਰਸਿੱਖਾਂ ਵਲੋਂ ਲਿਆਂਦੇ ਗਏ ਸੀ ਤਾਂ ਮੰਦਰ ਦੇ ਪ੍ਰਬੰਧਕਾਂ ਨੇ ਸਿੰਘਾਂ 'ਤੇ ਪੁਲਿਸ ਕੇਸ ਦਰਜ ਕਰਵਾ ਦਿੱਤਾ, ਜਦਕਿ ਇਹ ਸਾਰੀ ਕਾਰਵਾਈ ਪੁਲਿਸ ਦੀ ਮੌਜੂਦਗੀ 'ਚ ਹੀ ਹੋਈ ਸੀ। ਇਸ ਬਾਬਤ ਸ੍ਰੀ ਅਕਾਲ ਤਖਤ ਸਾਹਿਬ ਤੋਂ ਹੁਕਮਨਾਮਾ ਜਾਰੀ ਹੋ ਚੁੱਕਾ ਕਿ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਹਰ ਹਾਲਤ 'ਚ ਕਾਇਮ ਰੱਖਿਆ ਜਾਵੇ ਅਤੇ ਅਨਮਤੀ ਸਥਾਨਾਂ 'ਤੇ ਪ੍ਰਕਾਸ਼ ਨਾ ਕੀਤਾ ਜਾਵੇ।

ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਦਿੰਦਿਆਂ ਆਗੂਆਂ ਨੇ ਆਖਿਆ ਕਿ ਭਾਈ ਤਰਸੇਮ ਸਿੰਘ ਦਿਉਲ ਨੂੰ ਬਤੌਰ ਅਬਜ਼ਰਵਰ ਭੇਜਿਆ ਗਿਆ ਸੀ ਅਤੇ ਉਸ ਦਾ ਡੱਟ ਕੇ ਸਾਥ ਦਿੱਤਾ ਜਾਵੇਗਾ। ਇਸ ਕੇਸ 'ਚ ਜਿਨ੍ਹਾਂ ਸਿੱਖੀ ਸਰੂਪ ਵਾਲਿਆਂ ਨੇ ਸਿੱਖ ਵਿਰੋਧੀ ਰੋਲ ਅਦਾ ਕੀਤਾ, ਮੰਦਰ ਦੇ ਪ੍ਰਬੰਧਕਾਂ ਨੂੰ ਕੇਸ ਦਰਜ ਕਰਵਾਉਣ ਲਈ ਉਤਸ਼ਾਹਿਤ ਕੀਤਾ ਉਨ੍ਹਾਂ ਨੂੰ ਸਮਾਂ ਆਉਣ 'ਤੇ ਬੇਨਕਾਬ ਵੀ ਕੀਤਾ ਜਾਵੇਗਾ।


**Sidhu Homeopathic Clinic**

Homeopathic Treatment for Anxiety, Depression, Insomnia, Asthma, Allergies, Skin Diseases Dandruf, Arthritis, Uric Acid, Gastric Problems like Acidity, Kidney Stones, Male and Female Diseases



Dr. Malkit Singh Sidhu
D.H.M.S. (Hons.)
drmsidhu2@gmail.com

ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।



Dr. Kirandeep Kaur Sidhu
D.H.M.S. (Pb.)
drksidhu70@gmail.com

Ph: 604-446-3154 NO SIDE EFFECTS

#109-12830-80Ave, Surrey, BC V3W 3A8 (York Centre)



**THANDI AUTO CARE CENTRE LTD**

WE DO REPAIR OF ALL MAKES & MODELS

- General Repairs
- Transmission- Brakes
- Tune Ups - Mufflers
- Electrical Problems
-We also do Diesel Repairs



ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ



Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com

#106-12465 82 Ave , Surrey BC



**SUPER SANDHU**

**ਕਲਾਸ 4 ਡਰਾਈਵਰਾਂ ਦੀ ਲੋੜ**

ਸਾਨੂੰ ਐਬਟਸਫੋਰਡ ਅਤੇ ਸਰੀਂ ਤੋਂ ਬੇਰੀ ਪਿੱਕਰਾਂ, ਕੈਨਰੀ, ਨਰਸਰੀ ਗਰੇਡਿੰਗ ਲਾਇਨ ਅਤੇ ਗਰੀਨ ਹਾਊਸ ਦੇ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।

ਸਾਡੇ ਨਾਲ ਅੱਜ ਹੀ ਸੰਪਰਕ ਕਰੋ

Gary Varing: 604-807-3910 | Charlie Sandhu: 604-864-7711



**The Builder's Direct**

Experienced & Honest

Bath & Kitchen Fixtures



Wholesale price to public

We carry all major brands

Fireplaces Also Available



Get all kind of Kitchen & Washroom Fixtures at wholesale prices.

Call For Free Estimates

Harjit Sahota: 778-808-2628

604-593-7755

12652-82 Ave, Surrey BC

# ਕਰਨਾਟਕ ਸਰਕਾਰ ਆਰਐੈਸਐੈਸ ਨਾਲ ਸਬੰਧਤ ਨੌਕਰਸ਼ਾਹਾਂ ਨੂੰ ਨੱਥ ਪਾਵੇਗੀ

ਬੈਂਗਲੁਰੂ- ਭਾਰਤ ਦੇ ਕਰਨਾਟਕ ਰਾਜ ਦੀ ਕਾਂਗਰਸ ਸਰਕਾਰ ਰਾਸ਼ਟਰੀ ਸਵੈਮ ਸੇਵਕ ਸੰਘ (ਆਰਐਸਐਸ) ਨਾਲ ਸਬੰਧਤ ਨੌਕਰਸ਼ਾਹਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਨੱਥ ਪਾਉਣ ਲਈ ਪੂਰੀ ਤਰ੍ਹਾਂ ਤਿਆਰ ਹੈ। ਸੂਤਰਾਂ ਨੇ ਮੀਡੀਆ ਨੂੰ ਦੱਸਿਆ ਕਿ ਕਰਨਾਟਕ ਦੇ ਮੁੱਖ ਮੰਤਰੀ ਸਿੱਧਰਮਈਆ ਅਤੇ ਉਨ੍ਹਾਂ ਦੇ ਡਿਪਟੀ ਡੀ.ਕੇ. ਸ਼ਿਵਕੁਮਾਰ ਨੂੰ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਦੀ ਸੂਚੀ ਮਿਲੀ ਹੈ, ਜਿਨ੍ਹਾਂ ਦਾ ਸੰਘ ਨਾਲ ਨਜ਼ਦੀਕੀ ਸਬੰਧ ਹੈ ਅਤੇ ਪਿਛਲੀ ਭਾਜਪਾ ਸਰਕਾਰ ਦੀ ਹਮਾਇਤ ਦਾ ਆਨੰਦ ਮਾਣ ਰਹੇ ਹਨ। ਸ਼ਿਵਕੁਮਾਰ ਨੇ ਭਗਵਾਕਰਨ 'ਤੇ ਪੁਲਿਸ ਵਿਭਾਗ ਨੂੰ ਖੁੱਲ੍ਹੇਆਮ ਚੇਤਾਵਨੀ ਦਿੱਤੀ ਸੀ ਅਤੇ ਨਿਯਮਾਂ ਦੀ ਸਖ਼ਤੀ ਨਾਲ ਪਾਲਣਾ ਕਰਨ ਲਈ ਸਪੱਸ਼ਟ ਨਿਰਦੇਸ਼ ਦਿੱਤੇ ਸਨ। ਸੂਤਰਾਂ ਨੇ ਦੱਸਿਆ ਕਿ ਸੂਬਾ ਸਰਕਾਰ ਨੂੰ ਕਾਂਗਰਸ ਹਾਈ ਕਮਾਂਡ ਤੋਂ ਆਰਐਸਐਸ ਦੇ ਹਮਦਰਦਾਂ ਨੂੰ ਨੌਕਰਸ਼ਾਹੀ ਤੋਂ ਛੁਟਕਾਰਾ ਦਿਵਾਉਣ ਲਈ ਸਪੱਸ਼ਟ ਨਿਰਦੇਸ਼ ਵੀ ਮਿਲ ਚੁੱਕੇ ਹਨ। ਇੱਕ ਵੱਡਾ ਨਿਸ਼ਾਨਾ ਗ੍ਰਹਿ ਵਿਭਾਗ ਹੈ, ਜਿਸ ਰਾਹੀਂ ਭਾਜਪਾ ਨੇ ਆਪਣੇ ਹਿੰਦੂਤਵੀ ਏਜੰਡੇ ਨੂੰ ਅੱਗੇ ਵਧਾਇਆ ਸੀ ਅਤੇ ਵਿਰੋਧੀ ਧਿਰ, ਮੁੱਖ ਤੌਰ 'ਤੇ ਕਾਂਗਰਸ ਦੇ ਆਗੂਆਂ 'ਤੇ ਹਮਲੇ ਕੀਤੇ ਸਨ। ਸ਼ਿਵਕੁਮਾਰ ਨੇ ਦੋਵੇਂ ਇਤਿਹਾਸਕ ਹਸਤੀਆਂ ਨੰਜੇ ਗੌੜਾ ਅਤੇ ਉੜੀ ਗੌੜਾ ਦੇ ਨਾਂ 'ਤੇ ਨਕਾਬ ਲਗਾਉਣ ਦੀ ਇਜਾਜ਼ਤ ਦੇਣ ਲਈ ਸੂਬੇ ਦੇ ਸਾਬਕਾ ਡੀਜੀਪੀ ਪ੍ਰਵੀਨ ਸੂਦ ਦੀ ਗ੍ਰਿਫਤਾਰੀ ਦੀ ਮੰਗ ਕੀਤੀ ਹੈ। ਹਿੰਦੂ ਕਾਰਕੁਨਾਂ ਨੇ ਇਹ ਵੀ ਦਾਅਵਾ ਕੀਤਾ ਸੀ ਕਿ ਉਨ੍ਹਾਂ ਨੇ ਸਾਬਕਾ ਮੈਸੂਰ ਰਾਜ ਦੇ ਸ਼ਾਸਕ ਟੀਪੂ ਸੁਲਤਾਨ ਨੂੰ ਮਾਰਿਆ ਸੀ। "ਪ੍ਰਧਾਨ ਮੰਤਰੀ (ਨਰਿੰਦਰ) ਮੋਦੀ ਦੀ ਬੈਂਗਲੁਰੂ-ਮੈਸੂਰ ਐਕਸਪ੍ਰੈਸਵੇਅ ਨੂੰ ਸਮਰਪਿਤ ਕਰਨ ਲਈ ਕਰਨਾਟਕ ਦੇ ਦੌਰੇ ਦੌਰਾਨ, ਸੂਦ ਨੇ ਨੰਜੇ ਗੌੜਾ ਅਤੇ ਉੜੀ ਗੌੜਾ ਦੇ ਨਾਮ ਉੱਤੇ ਇੱਕ ਨਕਾਬ ਰੱਖਣ ਦੀ ਇਜਾਜ਼ਤ ਦੇ ਕੇ ਇਤਿਹਾਸ ਨੂੰ ਵਿਗਾੜਨ ਦੀ ਇਜਾਜ਼ਤ ਦਿੱਤੀ ਸੀ। ਉਸ ਵਿਰੁੱਧ ਕੇਸ ਦਰਜ ਕੀਤਾ ਜਾਣਾ ਚਾਹੀਦਾ ਹੈ ਅਤੇ ਉਸ ਨੂੰ ਗ੍ਰਿਫਤਾਰ ਕਰਨਾ ਚਾਹੀਦਾ ਹੈ, "ਸ਼ਿਵਕੁਮਾਰ ਨੇ ਕਿਹਾ ਸੀ।


Free Acupuncture & Cupping

MSP Covered Premium Assistance under 10 treatments FREE

| WE TREAT : | ਅਸੀਂ ਇਲਾਜ ਕਰਦੇ ਹਾਂ : |
|---|---|
| • BACK PAIN | • ਪਿੱਠ ਦੀ ਦਰਦ |
| • NECK PAIN | • ਗਰਦਨ ਦੀ ਦਰਦ |
| • HEEL PAIN | • ਅੱਡੀ ਦਾ ਦਰਦ |
| • SHOULDER PAIN | • ਮੋਢਿਆਂ ਦੀ ਦਰਦ |
| • KNEE PAIN | • ਗੋਡਿਆਂ ਦੀ ਦਰਦ |
| • SCIATICA NERVE PAIN | • ਸਕਾਈਟਿਕਾ ਨਰਵ ਦਰਦ |

BEIJING ACUPUNCTURE & TCM CLINIC

778.385.3346






R.AC LEE SEUNG YEON

9631-136A ST SURREY (ACROSS SURREY MEMORIAL HOSPITAL)
EMAIL: gab9113@gmail.com

FARM MORTGAGE SPECIALIST

Please Call:

SARBJIT DUBB, AMP

Mortgage Consultant

604-780-4497

Verico A.K. Mortgage Plus Inc.

AK Mortgage Professional Mortgage Consultants Plus

A.K. Mortgage Plus
103-7337-137th St., Surrey
604.501.7700 • 604.780.4497
Email: Sarbjit@mtg-plus.com
www.DubbMortgages.ca

*Rates are subject to change. O.A.C. Some Conditions Apply. VERICO A.K. MORTGAGE PLUS INC

5 YEAR FIXED

4.84 %*

Foreclosure? we can help.

QUICK & EASY APPROVALS



TMG LOGISTICS INC.

Need Owner Operators

*Vancouver to California *California to Alberta Back Vancouver
*Vancouver to East USA Return

NOW HIRING

Good Paying Loads



Need Company Drivers

*Single Driver Pay 52cents/mile*
*Team Drivers 32 cents/mile*

FOR MORE INFORMATION CALL AT:

(604) 598-3680 Fax: 604-596-3681 Cell: 778-838-3680

#121-13140-80Ave Surrey, BC V3W 3B2

# ਸ਼ਹੀਦ ਪਰਮਜੀਤ ਸਿੰਘ ਪੰਜਵੜ੍ਹ ਹਰੀ ਸਿੰਘ ਨਲੂਆ ਦਾ ਖਿਤਾਬ ਨਾਲ ਸਨਮਾਨਿਤ



ਨਵੀਂ ਦਿੱਲੀ(ਮਨਪ੍ਰੀਤ ਸਿੰਘ ਖਾਲਸਾ):-ਕੇਸੀਐਫ ਦੇ ਜਥੇਦਾਰ ਸ਼ਹੀਦ ਭਾਈ ਪਰਮਜੀਤ ਸਿੰਘ ਪੰਜਵੜ੍ਹ ਅਤੇ ਸਿੱਖ ਕੌਮ ਦੇ ਗਲੋਂ ਗੁਲਾਮੀ ਲਾਹੁਣ ਵਾਸਤੇ ਚੱਲ ਰਹੇ ਸੰਘਰਸ਼ ਵਿੱਚ ਤੇ ਜੰਗੇ ਅਜ਼ਾਦੀ ਦੇ ਸਮੂਹ ਸ਼ਹੀਦਾਂ ਦੀ ਯਾਦ ਵਿੱਚ ਜਰਮਨ ਦੀ ਧਰਤੀ ਤੇ ਗੁਰਦੁਆਰਾ ਸ੍ਰੀ ਗੁਰੂ ਦਸ਼ਮੇਸ਼ ਸਿੰਘ ਸਭਾ ਕਲੋਨ ਵਿੱਚ ਮਹਾਨ ਸ਼ਹੀਦ ਸਮਾਗਮ ਕਰਵਾਏ ਗਏ।ਅਖੰਡ ਕੀਰਤਨੀ ਜਥੇ ਵੱਲੋਂ ਇਲਾਹੀ ਗੁਰਬਾਣੀ ਦੇ ਰੈਣ ਸਬਾਈ ਕੀਰਤਨ ਕੀਤੇ ਹੋਏ।

ਐਤਵਾਰ ਨੂੰ ਸਜੇ ਦੀਵਾਨਾਂ ਵਿੱਚ ਅਖੰਡ ਕੀਰਤਨੀ ਜਥੇ ਦੇ ਸਿੰਘਾਂ ਵੱਲੋਂ ਕੀਰਤਨ ਕੀਤੇ ਗਏ ਅਤੇ ਭਾਈ ਸੁਰਜੀਤ ਸਿੰਘ ਵੱਲੋਂ ਗੁਰਬਾਣੀ ਕਥਾ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਉਪਰੰਤ ਸ਼ਹੀਦੀ ਸਮਾਗਮ ਰਚਾਏ ਗਏ ਤੇ ਇੰਗਲੈਂਡ, ਹਾਲੈਂਡ, ਬੈਲਜੀਅਮ, ਫਰਾਂਸ ਤੇ ਜਰਮਨ ਦੀਆਂ ਸੰਘਰਸ਼ਸ਼ੀਲ ਪੰਥਕ ਜਥੇਬੰਦੀਆਂ ਦੇ ਪਹੁੰਚੇ ਆਗੂਆਂ ਨੇ ਸ਼ਹੀਦਾਂ ਨੂੰ ਸ਼ਰਧਾਂ ਦੇ ਫੁੱਲ ਅਰਪਣ ਕੀਤੇ।

ਇਸ ਸਮੇਂ ਸਮੂੰਹ ਪੰਥਕ ਜਥੇਬੰਦੀਆਂ ਨੇ ਸ਼ਹੀਦ ਪੰਜਵੜ੍ਹ ਨੂੰ ਜਰਨੈਲ ਹਰੀਸਿੰਘ ਨਲੂਆਂ ਅਵਾਰਡ ਨਾਲ ਸਨਮਾਨਿਤ ਕੀਤਾ।

ਇੰਗਲੈਂਡ ,ਹਾਲੈਂਡ ਅਤੇ ਯੂਰਪ ਦੇ ਦੇਸ਼ਾਂ ਤੋਂ ਸਿੱਖ ਆਗੂ ਪਹੁੰਚੇ ਹੋਏ ਸਨ।

# ਪਾਕਿਸਤਾਨ ‘ਤੇ ਬ੍ਰਹਮੋਸ ਮਿਜ਼ਾਈਲ ਦਾਗਣ ਨਾਲ ਭਾਰਤ ਨੂੰ 24 ਕਰੋੜ ਰੁਪਏ ਦਾ ਨੁਕਸਾਨ ਹੋਇਆ




ਨਵੀਂ ਦਿੱਲੀ- ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਰਤ ਸਰਕਾਰ ਨੇ ਮੰਨਿਆ ਹੈ ਕਿ ਪਿਛਲੇ ਸਾਲ ਪਾਕਿਸਤਾਨ ਦੇ ਖੇਤਰ ‘ਚ ਬ੍ਰਹਮੋਸ ਮਿਜ਼ਾਈਲ ਦਾਗੀ, ਜਿਸ ਨਾਲ ਸਰਕਾਰੀ ਖਜ਼ਾਨੇ ਨੂੰ 24 ਕਰੋੜ ਰੁਪਏ ਦਾ ਨੁਕਸਾਨ ਹੋਣ ਦੇ ਨਾਲ-ਨਾਲ ਗੁਆਂਢੀ ਦੇਸ਼ ਨਾਲ ਸਬੰਧਾਂ ‘ਤੇ ਵੀ ਅਸਰ ਪਿਆ ਸੀ।

ਇਹ ਗੱਲ ਭਾਰਤ ਸਰਕਾਰ ਦੇ ਬੁਲਾਰੇ ਨੇ ਦਿੱਲੀ ਹਾਈ ਕੋਰਟ ‘ਚ ਪਾਕਿਸਤਾਨ ‘ਚ ਮਿਜ਼ਾਈਲ ਦਾਗੀ ਮਾਮਲੇ ਦੀ ਸੁਣਵਾਈ ਦੌਰਾਨ ਕਹੀ। ਉਸ ਨੇ ਹਾਦਸੇ ਲਈ ਜ਼ਿੰਮੇਵਾਰ ਤਿੰਨ ਅਧਿਕਾਰੀਆਂ ਦੀ ਬਰਖਾਸਤਗੀ ਨੂੰ ਜਾਇਜ਼ ਠਹਿਰਾਇਆ ਅਤੇ ਅਦਾਲਤ ਨੂੰ ਦੱਸਿਆ ਕਿ ਇਸ ਘਟਨਾ ਨਾਲ ਭਾਰਤ ਨੂੰ 240 ਮਿਲੀਅਨ ਰੁਪਏ ਦਾ ਨੁਕਸਾਨ ਹੋਇਆ ਹੈ।

ਰੂਸ ਅਤੇ ਭਾਰਤ ਦੁਆਰਾ ਸਾਂਝੇ ਤੌਰ ‘ਤੇ ਵਿਕਸਤ ਕੀਤੀ ਪ੍ਰਮਾਣੂ ਸਮਰੱਥਾ ਵਾਲੀ ਕਰੂਜ਼ ਮਿਜ਼ਾਈਲ, ਬ੍ਰਹਮੋਸ, ਜਿਸ ਨੂੰ 9 ਮਾਰਚ ਨੂੰ ਦਾਗਿਆ ਗਿਆ ਸੀ, ਨੇ ਭਾਰਤ ਨੂੰ ਸ਼ਰਮਸਾਰ ਕੀਤਾ ਸੀ। ਪਾਕਿਸਤਾਨ ਨੇ ਭਾਰਤੀ ਮਿਜ਼ਾਈਲਾਂ ਦੀ ਦੁਰਘਟਨਾ ਨਾਲ ਲਾਂਚਿੰਗ ਨੂੰ ਰੋਕਣ ਲਈ ਸੁਰੱਖਿਆ ਤੰਤਰ ‘ਤੇ ਨਵੀਂ ਦਿੱਲੀ ਤੋਂ ਜਵਾਬ ਮੰਗਿਆ ਸੀ।

# ਔਰਤ ਦੀ ਅਜਾਦੀ

ਸੁਣਿਆ ਔਰਤ ਅਜਾਦ ਹੋ ਗਈ। ਹੋਣਾ ਚਾਹੀਦਾ ਕਿਓਂ ਨਹੀ ਹੋਣਾ ਚਾਹੀਦਾ ਪਰ ਕੀ ਸਚ ਹੀ ਓਹ ਅਜਾਦ ਹੋ ਗਈ? ਅਗਾਂਹਵਧੂਆਂ ਦਾ ਖਿਆਲ ਹੈ ਵੈਸਟ ਦੀ ਕਿਰਪਾ ਹੋਈ ਔਰਤ ਉਪਰ। ਹੈ ਵੀ ਇਵੇਂ ਕਿਓਂਕਿ ਵੈਸਟ ਦੀ ਔਰਤ ਬਾਕੀਆਂ ਨਾਲੋਂ ਪਹਿਲਾਂ ‘ਅਜਾਦ’ ਹੋ ਚੁਕੀ ਹੋਈ ਅਤੇ ਯਾਦ ਰਖਣਾ ਉਜੜ ਵੀ ਪਹਿਲਾਂ ਦੀ ਚੁਕੀ ਹੋਈ। ਕਦੋਂ ਦੀ।

ਬੰਦਾ ਸ਼ੈਤਾਨ ਜੀਵ ਹੈ ਵੈਸਟ ਵੰਨੀ ਦਾ ਜੀਵ ਪਹਿਲਾਂ ਸ਼ੈਤਾਨ ਹੋ ਚੁਕਾ ਹੋਇਆ ਸੀ ਉਸ ਨੂੰ ਪਤਾ ਸੀ ਬਾਹਰਲੇ ਸੰਗਲ ਜਿਆਦਾ ਚਿਰ ਨਹੀ ਚਲਣੇ ਬਰੇਕਾਂ ਅੰਦਰ ਵੜਕੇ ਲਾਓਂਣੀਆਂ ਪੈਣੀਆਂ ਨਹੀ ਤਾਂ ਔਰਤ ਵੀ ਕੋਈ ਘਟ ਜੀਵ ਨਹੀ ਕਿਸੇ ਦਿਨ ਕਿਲੇ ਪੁਟੇਗੀ ਅਤੇ ਓਹੀ ਕੀਲਾ ਮੇਰੀ ਹੀ ਧੌਣ ਵਿਚ ਗਡੇਗੀ॥ ਉਸ ਬਾਹਰਲੇ ਪੈਂਖੜ ਲਾਹ ਸੁਟੇ ਪਰ

ਸੰਗਲ ਉਸ ਦੇ ਸਿਰ ਵਿਚਲੀਆਂ ਬਰੀਕ ਤਾਰਾਂ ਨੂੰ ਬੰਨ ਦਿਤੇ। ਇਨੇ ਬਰੀਕ ਕਿ ਔਰਤ ਨੂੰ ਪੜ ਲਿਖ ਕੇ ਵੀ ਨਹੀ ਦਿਸੇ।ਮੰਡੀ ਲਿਜਾਣ ਵੇਲੇ ਪਹਿਲਾਂ ਬੰਦੇ ਨੂੰ ਜਿਥੇ ਪਹਿਰੇ ਹੇਠ ਰਖਣਾ ਪੈਂਦਾ ਸੀ ਹੁਣ ਓਹ ਖੁਦ ਚਲ ਕੇ ਜਾਂਦੀ ਹੈ ਅਜਾਦ ਕਿਵੇਂ ਹੋਈ।ਮਿਸਾਂ ਵਿਸਾਂ ਤੋਂ ਲੈ ਕੇ ਫੈਸ਼ਨ ਸ਼ੋਆਂ ਅਤੇ ਐਕਟਰਨੀਆਂ ਤਕ ਦਾ ਸਫਰ ਬੜਾ ਘਿਨਾਉਣਾ ਸਫਰ ਹੈ ਔਰਤ ਦਾ। ਜੇ ਕਿਤੇ ਆਮ ਬੰਦਾ ਨੇੜਿਓਂ ਦੇਖ ਸਕਦਾ ਹੁੰਦਾ ਤਾਂ ਉਸ ਨੂੰ ਬਾਹਰ ਟੇਬਲਾਂ ਉਪਰ ਲਿਸ਼ਦੀਆਂ ਪਲੇਟਾਂ ਦੀ ਸਮਝ ਆ ਜਾਂਦੀ ਜਿਥੇ ਪਿਛੇ ਕਿਚਨ ਵਿਚ ਕਟੇ ਲੇਟਣ ਵਰਗਾ ਖਲਾਰਾ ਪਿਆ ਹੁੰਦਾ। ਹੇਠਾਂ ਪੈਰਾਂ ਵਿਚ ਚੂਹੇ ਅਤੇ ਉਪਰ ਮਖੀਆਂ ਪਰ ਬਾਹਰ? ਬਾਹਰ ਚਿਟੀਆਂ ਚਾਦਰਾਂ ਅਤੇ ਲਿਸ਼ਕਦੀਆਂ ਪਲੇਟਾਂ। ਯਾਣੀ ਲਿਸ਼ਦੀਆਂ ਪਲੇਟਾਂ ਤਕ ਪਹੁੰਚਣ ਲਈ ਔਰਤ ਨੂੰ ਚੂਹਿਆਂ, ਕਾਕਰੋਚਾਂ ਅਤੇ ਮਛਰਾਂ ਮਖੀਆਂ ਵਿਚਦੀ ਲੰਘਣਾ ਪੈਂਦਾ ਤਾਂ ਜਾ ਕੇ ਕਿਤੇ ਓਹ ‘ਅਜਾਦੀ’ ਦਾ ਨਿਘਾਰ ਮਾਣਦੀ ਹੈ। ਅਜਾਦੀ ਯਾਣੀ ‘ਅਜਾਦੀ’।

ਔਰਤ ਦੀ ਗੁਲਾਮੀ ਜੁਗ ਵੇਲੇ ਬੰਦਾ ਔਰਤ ਦੇ ਕਪੜੇ ਚਾਰ ਦਿਵਾਰੀ ਅੰਦਰ ਪਾੜਦਾ ਸੀ ਪਰ ਹੁਣ ਅਜਾਦੀ ਦੇ ਨਾਂ ਤੇ ਔਰਤ ਨੂੰ ਉਸ ਇਨਾ ਮੂਰਖ ਕਰ ਦਿਤਾ ਹੋਇਆ ਕੀ ਓਹ ਖੁਦ ਕਪੜੇ ਪਾੜ ਕੇ ਹੀ ਸਟੇਜ ਉਪਰ ਆਓਂਦੀ ਹੈ ਅਤੇ ਉਸ ਦਾ ਨੰਗਿਆਂ ਹੋ ਕੇ ਸਾਮਾਈਲਾਂ ਵੰਡਣਾਂ ਉਸ ਦਾ ਸਿਰੇ ਦਾ ਉਜੱਡ ਹੋਣ ਦਾ ਪੁਖਤਾ ਸਬੂਤ ਹੈ।

ਦੇਹ ਨੂੰ ਪਾਏ ਸੰਗਲਾਂ ਵਿਚੋਂ ਤਾਂ ਓਹ ਤੜਫ ਸਕਦੀ ਸੀ ਕਿ ਅਜਾਦ ਹੋਵਾਂ ਪਰ ਸਿਰ ਨੂੰ ਪਾਏ ਅਣਦਿਸਦੇ ਬਰੀਕ ਸੰਗਲ ਤਾਂ ਓਹ ਧੌਣ ਨੀਵੀਂ ਕਰਕੇ ਖੁਦ ਪਵਾਓਂਦੀ ਅਤੇ ਉਸ ਨੂੰ ਮਾਣ ਸਮਝਦੀ ਕਿ ਨੰਗਿਆਂ ਹੋਣ ਦਾ ਗੋਲਡ ਮੈਡਲ ਮਿਲਿਆ।

ਤੁਸੀਂ ਕਿਵੇਂ ਸੋਚ ਸਕਦੇਂ ਕਿ ਔਰਤ ਅਜਾਦ ਹੈ ਜਾਂ ਕਦੇ ਅਜਾਦੀ ਬਾਰੇ ਸੋਚ ਸਕਦੀ ਹੈ।

ਜਿਥੇ ਅਗੇ ਔਰਤ ਨੂੰ ਵਡੀ ਮੰਡੀ ਵਿਚ ਹੀ ਅਪਣੀ ਨੁਮਾਇਸ਼ ਲਾਓਂਣ ਦਾ ਮੌਕਾ ਮਿਲਦਾ ਸੀ ਹੁਣ ਛੋਟੀਆਂ ਮੰਡੀਆਂ ਦੇ ਸ਼ੁਰੂ ਹੋਣ ਤੋਂ ਲੈ ਕੇ ਟਿਕ ਟਾਕ ਵਰਗੇ ਸਾਧਨਾਂ ਨੇ ਉਮਰ ਵਿਹਾ ਰਹੀਆਂ ਔਰਤਾਂ ਅੰਦਰ ਵੀ ਤਰਾਨੇ ਜਾ ਛੇੜੇ ਨੇ ਕਿ ਹਾਲੇ ਤਾਂ ਓਹ ਜਵਾਨ ਨੇ ਬੇਸ਼ਕ ਭਾਰੀ ਲਿਪਸਟਿਕ ਹੇਠ ਸੁਕੀ ਮੂਲੀ ਵਰਗਾ ਮੂੰਹ ਚੁਗਲੀਆਂ ਹੀ ਕਿਓਂ ਨਾ ਕਰ ਰਿਹਾ ਹੋਵੇ।

ਪਹਿਲਾਂ ਬੰਦਾ ਅੰਡੇ ਨਹੀ ਸੀ ਖਾਂਦਾ ਸਿਧੀ ਮੁਰਗੀ ਹੀ ਝਟਕਾ ਸੁਟਦਾ ਸੀ ਯਾਣੀ ਪੂਰੀ ਦੀ ਪੂਰੀ ਔਰਤ ਹੀ ਵੇਚ ਆਓਂਦਾ ਸੀ। ਹੁਣ ਓਹ ਸਿਆਣਾ ਯਾਣੀ ਸ਼ੈਤਾਨ ਹੋ ਗਿਆ ਹੁਣ ਓਹ ਔਰਤ ਦੀ ਮਾਰਕਿੰਟਗ ਕਰਦਾ ਹੈ, ਉਸ ਨੂੰ ਇਸ਼ਤਿਹਾਰਾਂ ਰਾਹੀਂ ਵੇਚਦਾ ਹੈ, ਮਿਸਾਂ ਦੇ ਮੁਕਾਬਲਿਆਂ ਰਾਹੀਂ, ਫੈਸ਼ਨ ਸ਼ੋਆਂ ਰਾਹੀਂ, ਫਿਲਮਾ ਡਰਾਮਿਆਂ ਰਾਹੀਂ। ਅਤੇ ਔਰਤ ਖੁਦ ਲਾਈਨ ਵਿਚ ਲਗੀ ਖੜੀ ਕਿ ਕਾਸ਼ ਉਸ ਦੀ ਵਾਰੀ ਵਿਕਣ ਦੀ ਆਵੇ। ਹੁਣ ਉਸ ਨੂੰ ਘਰੋਂ ਚੁਕਣ ਨਹੀ ਜਾਣਾ ਪੈਂਦਾ ਓਹ ਖੁਦ ਮੰਡੀ ਵਿਚ ਆਓਂਦੀ ਹੈ ਅਤੇ ਜਿਥੇ ਤਕ ਬੰਦਾ ਕਹੇ ਕਪੜੇ ਉਤਾਰਨ ਨੂੰ ਤਿਆਰ ਹੈ ਬਸ ਮੌਕਾ ਦਵੇ ਬੰਦਾ। ਕੋਈ ਵਿਰਲੀ ਗੈਰਤਮੰਦ ਠੁਡਾ ਮਾਰ ਆਓਂਦੀ ਨਹੀ ਤਾਂ ਵਿਕ ਹੀ ਆਓਂਦੀ।

ਬਕਵਾਸ ਗਲਾਂ ਕਿ ਔਰਤ ਅਜਾਦ ਹੋ ਗਈ ਅਜ ਜਿੰਨਾ ਔਰਤ ਗੁਲਾਮ ਕਦੇ ਹੋਈ ਹੀ ਨਹੀ ਸੀ ਫਰਕ ਸੰਗਲਾਂ ਦਾ ਪਿਆ ਗੁਲਾਮੀ ਦਾ ਨਹੀ ਪਰ ਸ਼ੈਤਾਨ ਬੰਦੇ ਨੇ ਔਰਤ ਗਲ ਪਾਏ ਸੰਗਲਾਂ ਦੇ ਨਾਮ ਬੜੇ ਲੁਭਾਓਂਣੇ ਅਤੇ ਸੁਧਰੇ ਹੋਏ ਰਖ ਲਏ ਨੇ ਕਿ ਔਰਤ ਦੇ ਖੁਦ ਮਾਂ ਪੇ ਉਸ ਨੂੰ ਮੰਡੀ ਛਡ ਆਓਂਣ ਲਈ ਤਿਆਰ ਨੇ। ਨਹੀ?

**-ਗੁਰਦੇਵ ਸਿੰਘ ਸੱਧੇਵਾਲੀਆ**







Punjab TRAVELS

ਜੀਵਨ ਸਿੰਘ ਮੋਗਾ

ਅਸੀਂ ਇੰਡੀਆ ਜਾਂ ਇੰਡੀਆ ਦੇ ਕਿਸੇ ਵੀ ਕੋਨੇ ਤੇ ਆਉਣ-ਜਾਣ ਲਈ ਟਿਕਟਾਂ ਬਣਾਉਂਦੇ ਹਾਂ।

- ਸਪੈਸ਼ਲ ਰੇਟ : ਏਅਰ ਕਨੈਡਾ ਅਤੇ ਚਾਈਨਾ ਏਅਰ ਲਾਈਨ
- ਸਾਰੀਆਂ ਏਅਰ ਲਾਈਨਾਂ ਦੀਆਂ ਸਸਤੀਆਂ ਟਿਕਟਾਂ
- ਅਸੀਂ ਘਰੇਲੂ ਅਤੇ ਸਾਰੇ ਦੇਸ਼ਾਂ ਦੀਆਂ ਟਿਕਟਾਂ ਵੀ ਬਣਾਉਂਦੇ ਹਾਂ

2642 Cedar Park
Abbotsford, British Columbia V2T 3S5
Ph : 604-825-3075, 604-744-4400



ਮਨ ਮਨੁੱਖ ਦੀ ਕੁੰਜੀ ਹੈ   Mind is the key to the man.

NATURAL HOMEOPATHIC SOLUTIONS

Homeopathic Natural Products And Consultations

• Stress • Obesity & Weight Management & much more

2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)

• Children & Ladies Problems and much more

We Have Effective New Medicines Based On Latest Research For The Cure Of:
• Allergy Conditions
• Colitis • De-addiction
• Migraine • Sexual Problems
• Arthritis • Stress Anxiety
• All Auto-Immune Diseases



"Homeopath R S Saini receiving International Award"

Director, West coast Homeopathic Society of Canada

Dr.R S Saini & Dr. Shveta Has The Latest Knowledge For The Cure Of These Diseases.

ਹੋਮਿਓਪੈਥ ਆਰ. ਐਸ. ਸੈਣੀ D.HOM. (London), MD(AM), International Medal Awardee 1973 ਤੋ ਐਕਟਿਵ ਪ੍ਰੈਕਟਿਸ ਵਿੱਚ

For Abbotsford
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236

For Surrey
231-8138-128 ST., SURREY
(2ND FLOOR PAYAL BUSINESS CENTER)
604-502-9579

www.homeopathsaini.com

# ਮਣੀਪੁਰ ਵਿੱਚ ਲੋਕਾਂ ਨੇ ਲੁੱਟੇ ਹਥਿਆਰ:ਅਮਿਤ ਸ਼ਾਹ ਦੇ ਮਣੀਪੁਰ ਦੌਰੇ ਸਮੇਂ ਤਬਾਹੀ ਅਤੇ ਮੌਤਾਂ



ਨਵੀਂ ਦਿੱਲੀ:- ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਫੇਰੀ ਨੇ ਭਾਰਤ ਦੇ ਅਸਥਿਰ ਮਨੀਪੁਰ ਰਾਜ ਵਿਚ ਮੌਤ ਅਤੇ ਤਬਾਹੀ ਲਿਆ ਦਿੱਤੀ, ਜਿਸ ਵਿਚ ਮਨੀਪੁਰ ਦੇ ਇਕ ਪੁਲਿਸ ਅਧਿਕਾਰੀ ਸਮੇਤ ਪੰਜ ਵਿਅਕਤੀਆਂ ਦੀ ਮੌਤ ਹੋ ਗਈ, ਇਕ ਭਾਜਪਾ ਵਿਧਾਇਕ ਦੇ ਘਰ ਦੀ ਭੰਨਤੋੜ ਕੀਤੀ ਗਈ ਅਤੇ ਭੀੜ ਦੁਆਰਾ 1000 ਤੋਂ ਵੱਧ ਹਥਿਆਰ ਅਤੇ ਗੋਲਾ ਬਾਰੂਦ ਲੁੱਟ ਲਿਆ ਗਿਆ।ਮਨੀਪੁਰ ਰਾਈਫਲਜ਼ ਫੌਜੀਆਂ ਨੇ 30 ਤੋਂ ਵੱਧ ਕੂਕੀ ਆਦਿਵਾਸੀਆਂ ਨੂੰ ਗੋਲੀਆਂ ਮਾਰ ਦਿੱਤੀਆਂ।ਮਨੀਪੁਰ ਵਿੱਚ ਹਿੰਸਾ ਨਾ ਰੁਕਣ ਦੇ ਨਾਲ, ਦੂਜੇ ਦਿਨ ਅਮਿਤ ਸ਼ਾਹ ਦੇ ਇੰਫਾਲ ਪਹੁੰਚਣ ਤੋਂ ਕੁਝ ਘੰਟੇ ਪਹਿਲਾਂ, ਮਨੀਪੁਰ ਗੁਰੀਲਿਆਂ ਦੀ ਭਾਰੀ ਗੋਲੀਬਾਰੀ ਵਿੱਚ ਭਾਰਤੀ ਫੌਜ ਨੂੰ ਆਪਣੇ ਵਾਹਨਾਂ ਨੂੰ ਬਾਹਰ ਲਿਆਉਣ ਲਈ ਮਜਬੂਰ ਕੀਤਾ ਗਿਆ ਸੀ।

# ਮਾਇਆਵਤੀ ਦੀ ਮਾਇਆ

ਨਵੇਂ ਸੰਸਦ ਭਵਨ ਦੇ ਉਦਘਾਟਨ ਦਾ 21 ਪਾਰਟੀਆਂ ਵੱਲੋਂ ਬਾਈਕਾਟ ਕਰਨ ਤੋਂ ਬਾਅਦ ਐਨ ਡੀ ਏ ਤੋਂ ਬਾਹਰਲੀਆਂ 7 ਪਾਰਟੀਆਂ ਨੇ ਭਾਜਪਾ ਦੇ ਹੱਕ ਵਿੱਚ ਖੜ੍ਹੇ ਹੋਣ ਦਾ ਫ਼ੈਸਲਾ ਕਰ ਲਿਆ ਹੈ।ਅਸਲ ਵਿੱਚ ਇਹ ਪਾਰਟੀਆਂ ਕਦੇ ਵੀ ਭਾਜਪਾ ਦੇ ਵਿਰੁੱਧ ਨਹੀਂ ਰਹੀਆਂ, ਸਗੋਂ ਜਦੋਂ ਵੀ ਉਸ ਨੂੰ ਲੋੜ ਪਈ ਉਸ ਨਾਲ ਮੋਢੇ ਨਾਲ ਮੋਢਾ ਲਾ ਕੇ ਖੜ੍ਹਦੀਆਂ ਰਹੀਆਂ ਹਨ।ਇਹ 7 ਪਾਰਟੀਆਂ ਹਨ, ਬਹੁਜਨ ਸਮਾਜ ਪਾਰਟੀ, ਸ਼੍ਰੋਮਣੀ ਅਕਾਲੀ ਦਲ (ਬਾਦਲ), ਜਨਤਾ ਦਲ (ਐਸ), ਲੋਕ ਜਨਸ਼ਕਤੀ ਪਾਰਟੀ (ਪਾਸਵਾਨ), ਵਾਈ ਐਸ ਆਰ ਕਾਂਗਰਸ, ਬੀਜੂ ਜਨਤਾ ਦਲ ਤੇ ਤੇਲਗੂ ਦੇਸਮ ਪਾਰਟੀ।ਇਨ੍ਹਾਂ ਵਿੱਚੋਂ ਬਸਪਾ ਸਭ ਤੋਂ ਪ੍ਰਮੁੱਖ ਹੈ।

ਅਸਲ ਵਿੱਚ ਮਾਇਆਵਤੀ ਨੇ ਜਦੋਂ ਤੋਂ ਸਮਾਜਵਾਦੀ ਪਾਰਟੀ ਨਾਲੋਂ ਗੱਠਜੋੜ ਤੋੜਨ ਦਾ ਐਲਾਨ ਕੀਤਾ ਸੀ, ਉਦੋਂ ਤੋਂ ਹੀ ਉਸ ਨੇ ਭਾਜਪਾ ਦੀ ਪੂਛ ਬਣ ਜਾਣ ਦਾ ਰਾਹ ਫੜ ਲਿਆ ਸੀ। 2020 ਵਿੱਚ ਯੂ ਪੀ ਵਿੱਚੋਂ ਰਾਜ ਸਭਾ ਲਈ 10 ਮੈਂਬਰਾਂ ਦੀ ਚੋਣ ਹੋਈ ਸੀ।ਵਿਧਾਇਕਾਂ ਦੀ ਗਿਣਤੀ ਦੇ ਹਿਸਾਬ ਨਾਲ ਭਾਜਪਾ ਦੇ 9 ਤੇ ਸਮਾਜਵਾਦੀ ਪਾਰਟੀ ਦਾ ਇੱਕ ਮੈਂਬਰ ਚੁਣਿਆ ਜਾਣਾ ਤੈਅ ਸੀ, ਪਰ ਭਾਜਪਾ ਨੇ 8 ਉਮੀਦਵਾਰ ਹੀ ਖੜ੍ਹੇ ਕੀਤੇ ਅਤੇ ਨੌਵੀਂ ਸੀਟ ਬਸਪਾ ਲਈ ਛੱਡ ਦਿੱਤੀ ਸੀ।

ਉਸੇ ਸਾਲ ਜਦੋਂ ਸੰਸਦ ਭਵਨ ਦਾ ਨੀਂਹ ਪੱਥਰ ਰੱਖਿਆ ਗਿਆ ਤਾਂ ਵਿਰੋਧੀ ਪਾਰਟੀਆਂ ਨੇ ਇਸ ਦਾ ਬਾਈਕਾਟ ਕੀਤਾ, ਤਦ ਵੀ ਬਸਪਾ ਭਾਜਪਾ ਨਾਲ ਖੜ੍ਹੀ ਹੋਈ।ਸਟੇਨ ਸਵਾਮੀ ਦੀ ਹਿਰਾਸਤ ਵਿੱਚ ਮੌਤ ਤੋਂ ਬਾਅਦ ਵਿਰੋਧੀ ਦਲਾਂ ਨੇ ਰਾਸ਼ਟਰਪਤੀ ਨੂੰ ਮੈਮੋਰੰਡਮ ਦਿੱਤਾ ਤਾਂ ਵੀ ਬਸਪਾ ਵੱਖਰੀ ਖੜ੍ਹੀ ਰਹੀ ਸੀ । ਕੋਰੋਨਾ ਮਹਾਂਮਾਰੀ ਤੇ ਨਫ਼ਰਤੀ ਤਕਰੀਰਾਂ ਵਿਰੁੱਧ ਪ੍ਰਧਾਨ ਮੰਤਰੀ ਦੀ ਜ਼ੁਬਾਨਬੰਦੀ ਵਿਰੁੱਧ ਵੀ ਵਿਰੋਧੀ ਦਲਾਂ ਵੱਲੋਂ ਦਿੱਤੇ ਗਏ ਸਾਂਝੇ ਬਿਆਨਾਂ ਤੋਂ ਮਾਇਆਵਤੀ ਨੇ ਪਾਸਾ ਵੱਟੀ ਰੱਖਿਆ ਸੀ।ਜਦੋਂ ਰਾਸ਼ਟਰਪਤੀ ਦੀਆਂ ਚੋਣਾਂ ਹੋਈਆਂ ਤਦ ਵੀ ਬਸਪਾ ਨੇ ਭਾਜਪਾ ਉਮੀਦਵਾਰ ਦਰੋਪਦੀ ਮੁਰਮੂ ਨੂੰ ਹੀ ਵੋਟਾਂ ਪਾਈਆਂ ਸਨ।

ਮਾਇਆਵਤੀ ਵੱਲੋਂ ਭਾਜਪਾ ਦਾ ਦੁੰਮਛੱਲਾ ਬਣਨ ਦਾ ਨੰਗਾ ਚਿੱਟਾ ਪ੍ਰਮਾਣ 2022 ਵਿੱਚ ਯੂ ਪੀ ਦੀਆਂ ਵਿਧਾਨ ਸਭਾ ਚੋਣਾਂ ਸਮੇਂ ਸਪੱਸ਼ਟ ਸਾਹਮਣੇ ਆਇਆ ਸੀ। ਸਮਾਜਵਾਦੀ ਪਾਰਟੀ ਨੇ ਰਾਸ਼ਟਰੀ ਲੋਕ ਦਲ ਤੇ ਪਛੜੀਆਂ ਜਾਤਾਂ ਦੀਆਂ ਕੁਝ ਪਾਰਟੀਆਂ ਨੂੰ ਜੋੜ ਕੇ ਇੱਕ ਮਜ਼ਬੂਤ ਗੱਠਜੋੜ ਬਣਾ ਲਿਆ ਸੀ।ਖੇਤੀ ਸੰਬੰਧੀ ਤਿੰਨ ਕਾਨੂੰਨਾਂ ਵਿਰੁੱਧ ਇਤਿਹਾਸਕ ਕਿਸਾਨ ਅੰਦੋਲਨ ਨੇ ਪੇਂਡੂ ਕਿਸਾਨੀ ਅੰਦਰ ਭਾਜਪਾ ਪ੍ਰਤੀ ਗੁੱਸੇ ਦੀ ਲਹਿਰ ਪੈਦਾ ਕੀਤੀ ਹੋਈ ਸੀ।ਹਾਲਾਤ ਨੇ ਤੈਅ ਕਰ ਦਿੱਤਾ ਸੀ ਕਿ ਇਨ੍ਹਾਂ ਚੋਣਾਂ ਵਿੱਚ ਯੋਗੀ ਆਦਿਤਿਆਨਾਥ ਦੀ ਅਗਵਾਈ ਵਿੱਚ ਭਾਜਪਾ ਦੀ ਹਾਰ ਯਕੀਨੀ ਹੈ।

ਇਸ ਮੌਕੇ ਉੱਤੇ ਮਾਇਆਵਤੀ ਮਰਨਾਊ ਪਈ ਭਾਜਪਾ ਲਈ ਸੰਜੀਵਨੀ ਬਣ ਕੇ ਸਾਹਮਣੇ ਆਈ।ਸਪਾ ਗੱਠਜੋੜ ਨੇ ਜਿਸ ਜਾਤ ਦਾ ਉਮੀਦਵਾਰ ਖੜ੍ਹਾ ਕੀਤਾ, ਬਸਪਾ ਨੇ ਵੀ ਉਸੇ ਜਾਤ ਦਾ ਖੜ੍ਹਾ ਕਰਕੇ ਵੋਟਾਂ ਨੂੰ ਪਾੜਨ ਦਾ ਕੰਮ ਕੀਤਾ ਤੇ ਆਪਣੇ ਪੱਕੇ ਅਧਾਰ ਜਾਟਵ ਵੋਟਾਂ ਨੂੰ ਵੀ ਭਾਜਪਾ ਵੱਲ ਭੁਗਤਾ ਦਿੱਤਾ । ਇਸੇ ਦਾ ਨਤੀਜਾ ਸੀ ਕਿ ਬਸਪਾ ਦਾ ਸਿਰਫ਼ ਇੱਕ ਵਿਧਾਇਕ ਜਿੱਤ ਸਕਿਆ ਜਦੋਂ ਕਿ ਕਾਂਗਰਸ ਦੋ ਸੀਟਾਂ ਜਿੱਤਣ ਵਿੱਚ ਕਾਮਯਾਬ ਹੋ ਗਈ।ਭਾਜਪਾ ਲਈ ਏਨੀ ਵੱਡੀ ਕੁਰਬਾਨੀ ਤੋਂ ਬਾਅਦ ਵੀ ਬਸਪਾ ਨੂੰ ਭਾਜਪਾ ਨਾਲੋਂ ਵੱਖ ਕਰਕੇ ਦੇਖਣਾ ਸਿਆਸੀ ਕਮਅਕਲੀ ਹੀ ਹੋ ਸਕਦੀ ਹੈ।ਮਾਇਆਵਤੀ ਦੀ ਬਦੌਲਤ ਭਾਜਪਾ ਨੇ ਹਾਰੀ ਹੋਈ ਬਾਜ਼ੀ ਅਸਾਨੀ ਨਾਲ ਜਿੱਤ ਲਈ ਸੀ ।

ਅਸਲ ਵਿੱਚ ਨਵੇਂ ਸੰਸਦ ਭਵਨ ਦੇ ਉਦਘਾਟਨ ਸਮਾਗਮ ਨੇ 2024 ਦੀਆਂ ਲੋਕ ਸਭਾ ਚੋਣਾਂ ਦੀ ਦਿਸ਼ਾ ਤੈਅ ਕਰ ਦਿੱਤੀ ਹੈ।

ਇੱਕ ਪਾਸੇ ਵਿਰੋਧੀ ਧਿਰਾਂ ਦੀ ਲਾਮਬੰਦੀ ਹੋ ਰਹੀ ਹੈ ਤੇ ਦੂਜੇ ਪਾਸੇ ਭਾਜਪਾ ਆਪਣੇ ਹੱਥਠੋਕਿਆਂ ਨੂੰ ਸਰਗਰਮ ਕਰਨ ਲੱਗ ਪਈ ਹੈ।ਸਭ ਤੋਂ ਵੱਡਾ ਸਵਾਲ ਇਹ ਹੈ ਕਿ ਕਾਂਸ਼ੀ ਰਾਮ ਵੱਲੋਂ ਬ੍ਰਾਹਮਣਵਾਦ ਵਿਰੁੱਧ ਖੜ੍ਹੀ ਕੀਤੀ ਬਸਪਾ ਦਾ ਹੇਠਲਾ ਵਰਕਰ ਕੀ ਮਾਇਆਵਤੀ ਦੀ ਇਸ ਉਲਟਬਾਜ਼ੀ ਤੋਂ ਬਾਅਦ ਵੀ ਉਸ ਨਾਲ ਜੁੜਿਆ ਰਹੇਗਾ।ਸਾਡੀ ਸਮਝ ਮੁਤਾਬਕ ਮਾਇਆਵਤੀ ਦੇ ਇਸ ਰੁਖ ਨਾਲ ਦਲਿਤ ਸਿਆਸਤ ਵਿੱਚ ਇੱਕ ਖਲਾਅ ਪੈਦਾ ਹੋਵੇਗਾ ਤੇ ਅਜ਼ਾਦ ਸਮਾਜ ਪਾਰਟੀ ਵਰਗੀਆਂ ਹੋਰ ਧਿਰਾਂ ਇਸ ਖਲਾਅ ਨੂੰ ਭਰਨਗੀਆਂ।

**-ਚੰਦ ਫਤਿਹਪੁਰੀ**

FEEL GREAT SYSTEM

ਕੀ ਤੁਸੀਂ ਵੀ ਇਹਨਾਂ ਸਮੱਸਿਆਵਾਂ ਨਾਲ ਜੂਝ ਰਹੇ ਹੋ?

- ✔ ਸ਼ੂਗਰ ਕੰਟਰੋਲ
- ✔ ਕੋਲੈਸਟ੍ਰੋਲ ਕੰਟਰੋਲ
- ✔ ਥਾਇਰਾਇਡ ਕੰਟਰੋਲ
- ✔ ਮਾਈਗਰੇਨ ਕੰਟਰੋਲ
- ✔ ਬਲੱਡ ਪ੍ਰੈਸ਼ਰ ਕੰਟਰੋਲ
- ✔ ਭਾਰ ਕੰਟਰੋਲ
- ✔ ਜੋੜਾਂ ਦਾ ਦਰਦ
- ✔ ਸਰੀਰ ਵਿੱਚ ਥਕਾਵਟ ਰਹਿਣਾ
- ✔ ਹਾਰਮੋਨਲ ਅਸੰਤੁਲਨ
- ✔ PCOS/PCOD
- ✔ ਪਾਚਨ ਸੰਬੰਧੀ ਸਮੱਸਿਆਵਾਂ

ARE YOU FIGHTING WITH THESE PROBLEMS:

- ✔ Diabetes Control
- ✔ Cholesterol Control
- ✔ Thyroid Control
- ✔ Migraine Control
- ✔ Blood Pressure Control
- ✔ Weight Control
- ✔ Joints Pain
- ✔ Low Energy
- ✔ Hormonal Imbalance
- ✔ PCOS/PCOD
- ✔ Digestive Problems

If you want good health do not wait just call +1604-537-9744 after 4:30 pm or msg on whatsaap

WE HAVE GOT ONE STOP SOLUTION FOR ALL THESE PROBLEMS AND IT'S 100% NATURAL PLANT BASED

T&S Transportation

Hiring Owner Operators & Drivers



ਟੀ ਐਂਡ ਐਸ ਟਰਾਂਸਪੋਰਟੇਸ਼ਨ ਨੂੰ ਬੀ ਸੀ ਤੋਂ ਉਨਟੇਰੀਓ,ਬੀ ਸੀ ਤੋਂ ਅਲਬਰਟਾ ਅਤੇ ਬੀ ਸੀ ਤੋਂ ਅਮਰੀਕਾ ਚੱਲਣ ਵਾਲੇ ਓਨਰ ਅਪਰੇਟਰ ਅਤੇ ਡਰਾਈਵਰ ਜਲਦ ਤੋਂ ਜਲਦ ਚਾਹੀਦੇ ਹਨ।

ਅਸੀਂ ਓਨਰ ਅਪਰੇਟਰਾਂ ਲਈ ਫਾਇਨੈਂਸਿੰਗ ਵੀ ਕਰਵਾ ਕੇ ਦੇ ਸਕਦੇ ਹਾਂ

ਸਾਡੇ ਕੋਲ LMIO ਹਨ।ਲੋੜਵੰਦ ਸੰਪਰਕ ਕਰ ਸਕਦੇ ਹਨ

ਹੋਰ ਜਾਣਕਾਰੀ ਲਈ ਫੋਨ ਕਰੋ

604-607-0333

A TO Z DRIVING SCHOOL

ਲਰਨਿੰਗ ਲਾਇਸੈਂਸ

ਕਾਰ, ਟਰੱਕ/ ਮੋਟਰਸਾਈਕਲ ਟੈਕਸੀ ਜਾਂ ਏਅਰ ਬਰੇਕ ਦਾ ਲਾਇਸੈਂਸ ਪੰਜਾਬੀ ਵਿਚ ਲੈਣ ਲਈ ਸੰਪਰਕ ਕਰੋ

- ਲੇਡੀਜ਼ ਵਾਸਤੇ ਸੁਨਹਿਰੀ ਮੌਕਾ, ਹੁਣ ਤੁਸੀਂ ਕਾਰ ਦੀ ਤਰ੍ਹਾਂ ਬਿਨਾ ਗੇਅਰਾਂ ਤੋਂ ਕਲਾਸ 1 ਦਾ ਲਾਇਸੈਂਸ ਲੈ ਸਕਦੇ ਹੋ
- ਜੇ ਟਰੱਕ ਦਾ ਲਾਇਸੈਂਸ ਲੈਣਾ ਚਾਹੁੰਦੇ ਹੋ ਪਰ ਅੰਗਰੇਜੀ ਨਹੀਂ ਆਉਂਦੀ ਜਾਂ ਘੱਟ ਆਉਂਦੀ ਹੈ ਬੁੱਕ ਦੇਖ ਕੇ ਘਬਰਾ ਜਾਂਦੇ ਹੋ ਤਾਂ ਡਰੋ ਨਾ, ਹੁਣੇ ਫੋਨ ਕਰੋ

ਲਰਨਿੰਗ ਲਾਇਸੈਂਸ ਦੀ ਤਿਆਰੀ ਕੰਪਿਊਟਰ ਨਾਲ ਕਰਵਾਉਂਦੇ ਹਾਂ

ਅਸੀਂ ਸਿਟੀਜਨਸ਼ਿਪ, ਨੈਸ਼ਨਲ ਸੇਫਟੀ ਕੋਡ ਦੀਆਂ ਕਲਾਸਾਂ ਲਗਾਉਂਦੇ ਹਾਂ

WE DO:
*CITIZENSHIP CLASSES
*NATIONAL SAFETY CODE (NSC) CLASSES

A to Z DRIVING SCHOOL

Lucky: 604-614-5365

Unit 15 - 8388 128 St., Surrey

# 1984:ਦਰਬਾਰ ਸਾਹਿਬ ਤੇ ਹਮਲੇ ਤੋਂ ਪਹਿਲਾ ਦੀਆਂ ਸਰਕਾਰੀ ਲੂੰਬੜ ਚਾਲਾਂ

ਇਹ ਕਿਹਾ ਜਾਂਦਾ ਹੈ ਕਿ ਇੰਦਰਾ ਗਾਂਧੀ ਦੇ ਅੰਦਰਲੇ ਭੇਦ ਦਾ ਤਾਂ ਉਸ ਦੇ ਸਾਹਾਂ ਨੂੰ ਵੀ ਪਤਾ ਨਹੀਂ ਸੀ ਹੁੰਦਾ ਜਿਹੜੇ 24 ਘੰਟੇ ਲਗਾਤਾਰ ਉਸ ਦੇ ਅੰਦਰ ਆਉਂਦੇ ਜਾਂਦੇ ਰਹਿੰਦੇ ਸਨ। ਫਿਰ ਭੋਲੀ ਸਿੱਖ ਕੌਮ ਦੇ ਭੋਲੇ ਲੀਡਰਾਂ ਨੂੰ ਕਿਵੇਂ ਪਤਾ ਲੱਗਦਾ ?

ਇੰਦਰਾ ਗਾਂਧੀ ਨੇ ਮਸੂਰੀ ਨੇੜੇ ਚਕਰੋਤੇ ਦੀਆਂ ਪਹਾੜੀਆਂ ਵਿੱਚ ਦਰਬਾਰ ਸਾਹਿਬ ਸਮੂਹ ਦਾ ਮਾਡਲ ਬਣਾ ਕੇ ਭਾਰਤੀ ਫੌਜੀਆਂ ਦੇ ਗੁਪਤ ਦਸਤੇ ਦੀਆਂ ਉਥੇ ਮਸ਼ਕਾਂ ਕਰਾਈਆਂ ਸਨ ਕਿ ਦਰਬਾਰ ਸਾਹਿਬ ਉਪਰ ਕਿਵੇਂ ਹਮਲਾ ਕਰਨਾ ਹੈ ? ਭਾਰਤ ਦੇ ਗ੍ਰਹਿ ਮੰਤਰੀ ਪੀ. ਸੀ. ਸੇਠੀ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਖ਼ਤ ਲਿਖਿਆ ਸੀ ਕਿ ਦਰਬਾਰ ਸਾਹਿਬ ਸਮੂਹ ਵਿੱਚ ਚਾਲੀ ਖਾੜਕੂ ਲੈ ਕੇ ਬੈਠੇ ਹਨ ਉਸ ਨੇ ਉਨ੍ਹਾਂ ਦੇ ਨਾਂ ਆਦਿ ਸਭ ਵੇਰਵੇ ਲਿਖੇ ਸਨ। ਇਨ੍ਹਾਂ ਚਾਲੀ ਖਾੜਕੂਆਂ ਵਿੱਚ ਚਾਰ ਉਨ੍ਹਾਂ ਖਾੜਕੂਆਂ ਦੇ ਨਾਂ ਵੀ ਦਰਜ ਸਨ ਜਿਹੜੇ ਭਾਰਤੀ ਹਵਾਈ ਜਹਾਜ਼ ਨੂੰ ਅਗਵਾ ਕਰਨ ਦੇ ਦੋਸ਼ ਵਿੱਚ ਪਾਕਿਸਤਾਨ ਜੇਲ੍ਹ ਵਿੱਚ ਬੰਦ ਸਨ। ਇਨ੍ਹਾਂ ਵਿੱਚ ਸੰਤ ਭਿੰਡਰਾਂਵਾਲਿਆਂ ਦਾ ਨਾਂ ਨਹੀਂ ਸੀ।

30 ਮਈ ਨੂੰ ਰਾਜੀਵ ਗਾਂਧੀ ਨੇ ਚੰਡੀਗੜ੍ਹ ਵਿੱਚ ਸੰਤਾਂ ਬਾਰੇ ਇਕ ਪੱਤਰਕਾਰ ਦੇ ਸਵਾਲ ਦਾ ਉਤਰ ਦਿੰਦਿਆ ਕਿਹਾ ਸੀ ਕਿ ਸੰਤ ਭਿੰਡਰਾਂਵਾਲੇ ਤਾਂ ਇਕ ਧਾਰਮਿਕ ਵਿਅਕਤੀ ਹਨ। ਸਰਕਾਰ ਪਾਸ ਉਨ੍ਹਾਂ ਵਿਰੁੱਧ ਕੋਈ ਵੀ ਸ਼ਿਕਾਇਤ ਨਹੀਂ ਅਸੀਂ ਸੰਤਾਂ ਦਾ ਸਤਿਕਾਰ ਕਰਦੇ ਹਾਂ।

ਜਦੋਂ ਦੋ ਜੂਨ ਨੂੰ ਇੰਦਰਾ ਗਾਂਧੀ ਆਪਣੇ ਸਰਕਾਰੀ ਧੂਤੂ ਅਕਾਸ਼ਬਾਣੀ ਰੇਡੀਓ ਤੇ ਅਕਾਲੀਆਂ ਨਾਲ ਸਮਝੌਤੇ ਲਈ ਕਹਿ ਰਹੀ ਸੀ। ਉਸ ਤੋਂ ਪਹਿਲਾਂ 30 ਮਈ ਨੂੰ ਹੀ ਸਾਰੇ ਦੇਸ਼ ਦੀਆਂ ਛਾਉਣੀਆਂ ਤੋਂ ਫੌਜੀ ਪਲਟਣਾ ਅਮ੍ਰਿਤਸਰ ਅਤੇ ਪੰਜਾਬ ਵਲ ਨੂੰ ਮਾਰਚ ਕਰ ਚੁੱਕੀਆਂ ਸਨ। 30 ਮਈ ਦੇ ਰਾਤ ਦੇ ਹਨੇਰੇ ਨੂੰ ਚੀਰਦਾ ਹੋਇਆ ਮੇਰਠ ਦਾ 9 ਇਨਫੈਂਟਰੀ ਡਵੀਜ਼ਨ ਅੰਮ੍ਰਿਤਸਰ ਵਲ ਰਵਾਨਾ ਹੋ ਚੁੱਕਿਆ

ਫੌਜੀ ਜਵਾਨਾਂ ਅਤੇ ਅਫ਼ਸਰਾਂ ਦੀਆਂ ਛੁੱਟੀਆਂ ਕੈਂਸਲ ਕਰਕੇ ਜਿਵੇਂ ਜੰਗ ਲੱਗਣ ਸਮੇਂ ਆਮ ਹੁੰਦਾ ਹੈ ਉਨ੍ਹਾਂ ਨੂੰ ਤਾਰਾਂ ਅਤੇ ਟੈਲੀਫੋਨ ਕਰਕੇ ਵਾਪਸ ਬੁਲਾ ਲਿਆ ਗਿਆ ਸੀ।ਇਸ ਦੀ ਏਥੇ ਕੁਲਦੀਪ ਸਿੰਘ ਬਰਾੜ ਇਸ ਨੀਲੇ ਤਾਰੇ ਐਕਸ਼ਨ ਦੇ ਇੰਚਾਰਜ ਦੀ ਆਪਣੀ ਲਿਖੀ ਕਿਤਾਬ 'ਬਲੂ ਸਟਾਰ ਅਸਲ ਕਹਾਣੀ ਵਿੱਚ ਆਪਣੀ ਛੋਟੀ ਕੌਂਸਲ ਕਰਕੇ ਵਾਪਸ ਆਉਣ ਦੀ ਲਿਖੀ ਕਿਤਾਬ ਹੀ ਕਾਫ਼ੀ ਹੈ ਉਸ ਨੇ ਲਿਖਿਆ ਹੈ

" 31 ਮਈ 1984 ਦੀ ਸ਼ਾਮ ਸੀ ਜਦੋਂ ਤੋਂ ਇਸ ਕਾਰਵਾਈ ਨਾਲ ਮੇਰਾ ਸਬੰਧ ਜੁੜਿਆ। ਉਸ ਵੇਲੇ ਮੈਂ ਮੇਰਠ ਵਿੱਚ ਤਾਇਨਾਤ ਸਾਂ ਅਤੇ 9 ਪਿਆਦਾ ਡਵੀਜ਼ਨ ਦੀ ਕਮਾਨ ਮੇਰੇ ਹੱਥ ਸੀ। ਮੇਰੀ ਪਤਨੀ ਅਤੇ ਮੈਂ ਦਿੱਲੀ ਜਾਣ ਦੀਆਂ ਤਿਆਰੀਆਂ

ਕਰ ਰਹੇ ਸਾਂ। ਦਿੱਲੀ ਤੋਂ ਅਸੀਂ 1 ਜੂਨ 1984 ਦੀ ਸ਼ਾਮ ਨੂੰ ਮਨੀਲਾ ਫਿਲਪਾਈਨਜ਼ ਇਕ ਮਹੀਨੇ ਦੀ ਛੋਟੀ ਚਲੇ ਜਾਣਾ ਸੀ। ਅਸੀਂ ਮੇਰਠ ਤੋਂ ਤੁਰਨ

ਹੀ ਵਾਲੇ ਸਾਂ ਕਿ ਮੈਨੂੰ ਹੈਡਕੁਆਟਰ ਤੋਂ ਟੈਲੀਫੋਨ ਰਾਹੀਂ ਪੱਛਮੀ ਕਮਾਂਡ ਦਾ ਸੁਨੇਹਾ ਮਿਲਿਆ ਕਿ ਮੈਂ ਅੰਦਰੂਨੀ ਸੁਰੱਖਿਆ ਬਾਰੇ ਇਕ ਕਾਨਫਰੰਸ ਲਈ ਅਗਲੇ ਦਿਨ (1 ਜੂਨ) ਸਵੇਰੇ 9 ਵਜੇ ਚੰਡੀ ਮੰਦਰ ਪਹੁੰਚਾ। ਉਸ ਵੇਲੇ ਮੈਨੂੰ ਕੋਈ ਪਤਾ ਨਹੀਂ ਸੀ ਕਿ ਅਸਲ ਮਾਜਰਾ ਕੀ ਸੀ ? ਅਸੀਂ 31 ਮਈ ਦੀ ਸ਼ਾਮ ਕਾਰ 'ਤੇ ਦਿੱਲੀ ਅਪ ਅਤੇ ਅਗਲੇ ਦਿਨ ਸਵੇਰੇ ਇੰਡੀਅਨ ਏਅਰਲਾਈਨਜ਼ ਦੇ ਜਹਾਜ਼ ਰਾਹੀਂ ਮੈਂ ' ਚੰਡੀਗੜ੍ਹ ਆ ਗਿਆ। ਮੇਰੀ ਪਤਨੀ ਸਾਡੇ ਮਿਥੇ ਪ੍ਰੋਗਰਾਮ ਅਨੁਸਾਰ ਮਨੀਲਾ ਜਾਣ ਲਈ ਆਖ਼ਰੀ ਮਿੰਟ ਦੀਆਂ ਤਿਆਰੀਆਂ ਮੁਕੰਮਲ ਕਰਨ ਵਾਸਤੇ ਪਿੱਛੇ ਦਿੱਲੀ ਵਿੱਚ ਹੀ ਰਹੀ । ਮੇਰੀ ਯੋਜਨਾ ਸੀ ਕਿ ਮੈਂ ਸ਼ਾਮ ਦੇ ਜਹਾਜ਼ ਰਾਹੀਂ ਦਿੱਲੀ ਪਰਤ ਆਵਾਂਗਾ। ਮੈਨੂੰ ਚੰਡੀਗੜ੍ਹ 2 ਕੋਰ ਦੇ ਹੈਡਕੁਆਰਟਰ ਪਹੁੰਚ ਕੇ ਇਹ ਮਾਲੂਮ ਹੋਇਆ ਕਿ ਮੈਂ ਵਾਪਸ ਨਹੀਂ ਜਾ ਸਕਾਂਗਾ।" ਉਸ ਨੇ ਅੱਗੇ ਲਿਖਿਆ ਹੈ

"ਮੈਨੂੰ ਸੈਨਿਕ ਕਾਰਵਾਈ ਦੇ ਕੰਟਰੋਲ ਰੂਮ ਵਿੱਚ ਲਿਜਾਇਆ ਗਿਆ ਜਿਥੋਂ ਮੈਂ ਲੈਫ਼ਟੀਨੈਂਟ ਜਨਰਲ ਕੇ. ਸੁੰਦਰ ਜੀ ਤੋਂ ਜਿਹੜੇ ਉਸੇ ਵੇਲੇ ਪੱਛਮੀ ਕਮਾਂਡ ਦੇ ਮੁੱਖ ਜਨਰਲ ਅਫ਼ਸਰ ਕਮਾਂਡਿੰਗ ਸਨ, ਆਪਣੀਆਂ ਪਹਿਲੀਆਂ ਹਦਾਇਤਾਂ ਲੈਣੀਆਂ ਸਨ। ਮੇਰੇ ਨਾਲ ਮੌਜੂਦ ਸਨ ਪੱਛਮੀ ਕਮਾਂਡ ਦੇ ਚੀਫ਼ ਆਫ਼ ਸਟਾਫ਼ ਲੈਫ਼ਟੀਨੈਂਟ ਜਨਰਲ ਰਣਜੀਤ ਸਿੰਘ ਦਿਆਲ ਅਤੇ ਕਾਰਵਾਈ ਦੀ ਵਿਉਂਤਬੰਦੀ ਲਈ ਜ਼ਿੰਮੇਵਾਰ ਸਟਾਫ ਦੇ ਕੁਝ ਸੀਨੀਅਰ ਅਫ਼ਸਰ ਇਸ ਮੀਟਿੰਗ ਵਿੱਚ ਹੀ ਦਰਬਾਰ ਸਾਹਿਬ ਉਪਰ ਹਮਲਾ ਕਰਨ ਨੂੰ 'ਬਲੂ ਸਟਾਰ' ਦਾ ਨਾਂ ਦਿੱਤਾ ਗਿਆ ਅਤੇ ਉਥੇ ਨਾਲ ਹੀ ਪਾਕਿਸਤਾਨ ਸਰਹੱਦ ਨੂੰ ਸੀਲ ਕਰਨ ਨੂੰ 'ਵੁਡ ਰੋਜ਼' ਕਾਰਵਾਈ ਦਾ ਨਾਂ ਦਿੱਤਾ ਗਿਆ।

ਜਦੋਂ ਕਿ ਸਚਾਈ ਇਹ ਸੀ ਜਨਰਲ ਸੁੰਦਰ ਜੀ ਨੇ 28 ਮਈ 1984 ਨੂੰ ਮੇਜਰ ਜਨਰਲ ਕੁਲਦੀਪ ਸਿੰਘ ਬਰਾੜ (ਬੁਲਬੁਲ) ਨੂੰ ਜਦ ਇਹ ਹੁਕਮ ਕੀਤਾ ਕਿ ਆਪਣੀਆਂ ਫੌਜਾਂ ਨੂੰ ਮੇਰਠ ਤੋਂ ਅੰਮ੍ਰਿਤਸਰ ਲੈ ਜਾਵੇ ਤਾਂ ਉਹ ਉਸ ਵੇਲੇ ਆਪਣੀ ਪਤਨੀ ਮੀਨਾ ਨਾਲ ਛੋਟੀਆਂ ਕੱਟਣ



ਆਪਣੇ ਕਿਸੇ ਰਿਸ਼ਤੇਦਾਰ ਪਾਸ ਵਿਦੇਸ਼ (ਮਰਸ਼ਿਸ਼) ਜਾ ਰਿਹਾ ਸੀ। ਉਸ ਨੂੰ ਆਪਣੀਆਂ ਛੁੱਟੀਆਂ ਕੈਂਸਲ ਕਰਵਾਉਣੀਆਂ ਪਈਆਂ ਸਨ।ਬਰਾੜ ਨੇ ਸੁੰਦਰ ਜੀ ਨੂੰ ਪੁੱਛਿਆ ਅੰਮ੍ਰਿਤਸਰ ਕਿੰਨੇ ਚਿਰ ਲਈ ? ਜਨਰਲ ਸੁੰਦਰ ਜੀ ਨੇ ਕਿਹਾ ਕਿ ਇਸ ਦਾ ਉਸ ਨੂੰ ਵੀ ਇਲਮ ਨਹੀਂ ਹੈ।

ਬਰਾੜ ਨੇ ਪੁੱਛਿਆ ਕਿ ਕਰਨ ਗੋਚਰੇ ਕੰਮ ਵੀ ਵਿਸ਼ੇਸ਼ਤਾ ਬਾਰੇ ਜਾਣ ਸਕਦਾ ਹੂੰ ? ਜਨਰਲ ਸੁੰਦਰ ਜੀ ਨੇ ਕੋਈ ਉਤਰ ਨਾ ਦਿੱਤਾ।

ਬਰਾੜ ਨੇ ਪੁੱਛਿਆ ਮੇਰੇ ਕੋਲ ਉਥੇ ਪਹੁੰਚਣ ਲਈ ਕਿੰਨਾ ਵਕਤ ਹੈ ? ਸੁੰਦਰ ਜੀ ਨੇ ਦੱਸਿਆ ਕਿ ਏਨਾ ਵਕਤ ਜਿਤਨੇ ਵਿਚ ਹੈਲੀਕਾਪਟਰ ਅੰਮ੍ਰਿਤਸਰ ਪਹੁੰਚ ਸਕਦਾ ਹੈ। ਪਰ ਜਨਰਲ ਬਰਾੜ ਨੂੰ ਇਕ ਦਿਨ ਹੋਰ ਦਿੱਤਾ ਗਿਆ ਅਤੇ ਉਹ 31 ਮਈ ਨੂੰ ਅੰਮ੍ਰਿਤਸਰ ਪਹੁੰਚ ਗਿਆ। ਫ਼ੌਜਾਂ ਮੇਰਠ ਤੋਂ ਅੰਮ੍ਰਿਤਸਰ ਲਈ ਰਵਾਨਾ ਹੋ ਚੁੱਕੀਆਂ ਸਨ।

## ਰਾਹੁਲ ਨੇ ਅਮਰੀਕਾ 'ਚ ਕਿਹਾ:'ਭਾਜਪਾ ਲੋਕਾਂ ਨੂੰ ਧਮਕਾ ਤੇ ਦੇਸ਼ ਦੀਆਂ ਏਜੰਸੀਆਂ ਦੀ ਦੁਰਵਰਤੋਂ ਕਰ ਰਹੀ ਹੈ'

## ਵਿਦੇਸ਼ਾਂ 'ਚ ਭਾਰਤ ਨੂੰ ਬਦਨਾਮ ਕਰਨਾ ਰਾਹੁਲ ਦੀ ਆਦਤ:ਠਾਕੁਰ

ਸਾਨ ਫਰਾਂਸਿਸਕੋ (ਅਮਰੀਕਾ):ਕਾਂਗਰਸ ਆਗੂ ਰਾਹੁਲ ਗਾਂਧੀ ਨੇ ਇਥੇ ਭਾਰਤੀ ਪਰਵਾਸੀਆਂ ਦੇ ਇਕੱਠ ਨੂੰ ਆਪਣੇ ਸੰਬੋਧਨ ਵਿੱਚ ਭਾਰਤ ਵਿੱਚ ਸੱਤਾਧਾਰੀ ਭਾਜਪਾ 'ਤੇ ਲੋਕਾਂ ਨੂੰ 'ਧਮਕਾਉਣ' ਅਤੇ ਦੇਸ਼ ਦੀਆਂ ਏਜੰਸੀਆਂ ਦੀ 'ਦੁਰਵਰਤੋਂ' ਕਰਨ ਦੇ ਦੋਸ਼ ਲਾਏ ਹਨ। ਕੈਲੀਫੋਰਨੀਆ ਦੇ ਸੈਂਟਾ ਕਲਾਰਾ ਵਿੱਚ ਸਮਾਗਮ ਦੌਰਾਨ ਸ੍ਰੀ ਗਾਂਧੀ ਨੇ ਕਿਹਾ ਕਿ ਭਾਜਪਾ ਅਤੇ ਰਾਸ਼ਟਰੀ ਸੋਇਮਸੇਵਕ ਸੰਘ (ਆਰਐੱਸਐੱਸ) ਭਾਰਤ ਵਿੱਚ ਰਾਜਨੀਤੀ ਦੇ ਸਾਰੇ ਸਾਧਨਾਂ ਨੂੰ ਕੰਟਰੋਲ ਕਰ ਰਹੇ ਹਨ।ਇਸ ਦੌਰਾਨ ਨਵੀਂ ਦਿੱਲੀ ਵਿੱਚ ਸੂਚਨਾ ਤੇ ਪ੍ਰਸਾਰਨ ਮੰਤਰੀ ਅਨੁਰਾਗ ਠਾਕੁਰ ਨੇ ਕਿਹਾ ਕਿ ਰਾਹੁਲ ਗਾਂਧੀ ਦੀ ਆਪਣੇ ਵਿਦੇਸ਼ ਦੌਰੇ ਮੌਕੇ ਭਾਰਤ ਨੂੰ ਬਦਨਾਮ ਕਰਨਾ ਆਦਤ ਬਣ ਗਈ ਹੈ।

## ਅਮਰੀਕਾ:ਰਾਹੁਲ ਦੇ ਭਾਸ਼ਨ ਦੌਰਾਨ '84 ਦੇ ਕਤਲੇਆਮ ਸਬੰਧੀ ਗਾਂਧੀ ਪਰਿਵਾਰ ਖ਼ਿਲਾਫ਼ ਨਾਅਰੇਬਾਜ਼ੀ

ਸੈਂਟਾ ਕਲਾਰਾ:-ਅਮਰੀਕਾ ਦੇ ਕੈਲੀਫੋਰਨੀਆ ਸੂਬੇ ਵਿੱਚ ਸਮਾਗਮ ਦੌਰਾਨ ਕਾਂਗਰਸ ਆਗੂ ਰਾਹੁਲ ਗਾਂਧੀ ਦੇ ਭਾਸ਼ਨ ਦੌਰਾਨ ਸਿੱਖਾਂ ਦੇ ਸਮੂਹ ਨੇ ਨਾਅਰੇਬਾਜ਼ੀ ਕੀਤੀ। ਇਸ ਨਾਲ ਉਨ੍ਹਾਂ ਦੇ ਭਾਸ਼ਨ 'ਚ ਕੁਝ ਸਮੇਂ ਲਈ ਵਿਘਨ ਪਿਆ। ਸ੍ਰੀ ਗਾਂਧੀ ਸੈਂਟਾ ਕਲਾਰਾ 'ਚ 'ਇੰਡੀਅਨ ਓਵਰਸੀਜ਼ ਕਾਂਗਰਸ ਯੂਐੱਸਏ' ਵੱਲੋਂ ਕਰਵਾਏ 'ਮੁਹੱਬਤ ਕੀ ਦੁਕਾਨ' ਸਮਾਗਮ 'ਚ ਬੋਲ ਰਹੇ ਸਨ, ਜਦੋਂ ਹਾਜ਼ਰੀਨ 'ਚ ਮੌਜੂਦ ਕੁਝ ਲੋਕਾਂ ਨੇ 1984 ਦੇ ਸਿੱਖ ਵਿਰੋਧੀ ਕਤਲੇਆਮ ਦੇ ਸਬੰਧ 'ਚ ਉਨ੍ਹਾਂ ਅਤੇ ਗਾਂਧੀ ਪਰਿਵਾਰ ਖ਼ਿਲਾਫ਼ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਨਾਅਰੇ ਦੇ ਜਵਾਬ ਵਿੱਚ ਸ੍ਰੀ ਗਾਂਧੀ ਨੇ ਮੁਸਕਰਾਏ ਅਤੇ ਕਿਹਾ, 'ਜੀ ਆਇਆਂ ਨੂੰ, ਜੀ ਆਇਆਂ ਨੂੰ, ਨਫ਼ਰਤ ਦੇ ਬਾਜ਼ਾਰ ਵਿੱਚ ਮੁਹੱਬਤ ਦੀ ਦੁਕਾਨ।

## ਮਨੀਪੁਰ ਦੇ ਖਿਡਾਰੀ ਵੀ ਤਮਗੇ ਵਾਪਸ ਕਰਨਗੇ

ਇੰਫਾਲ: ਮਨੀਪੁਰ ਵਿਚ ਤਿੰਨ ਮਈ ਤੋਂ ਜਾਰੀ ਹਿੰਸਾ ਵਿਚ 80 ਲੋਕਾਂ ਦੀ ਮੌਤ ਤੋਂ ਦੁਖੀ ਉਲੰਪਿਕ ਮੈਡਲ ਜੇਤੂ ਵੇਟ ਲਿਫਟਰ ਮੀਰਾ ਬਾਈ ਚਾਨੂੰ ਸਣੇ ਮਨੀਪੁਰ ਦੀਆਂ 11 ਖੇਡ ਹਸਤੀਆਂ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਪੱਤਰ ਲਿਖ ਕੇ ਕਿਹਾ ਹੈ ਕਿ ਜੇ ਸੂਬੇ ਵਿਚ ਛੇਤੀ ਅਮਨ ਬਹਾਲ ਨਾ ਹੋਇਆ ਤਾਂ ਉਹ ਆਪਣੇ ਐਵਾਰਡ ਤੇ ਤਮਗੇ ਵਾਪਸ ਕਰ ਦੇਣਗੀਆਂ।ਪੱਤਰ 'ਤੇ ਦਸਤਖਤ ਕਰਨ ਵਾਲਿਆਂ ਵਿਚ ਚਾਨੂੰ ਤੋਂ ਇਲਾਵਾ ਪਦਮ ਪੁਰਸਕਾਰ ਜੇਤੂ ਵੇਟ ਲਿਫਟਰ ਕੁੰਜਰਾਣੀ ਦੇਵੀ, ਭਾਰਤੀ ਮਹਿਲਾ ਫੁੱਟਬਾਲ ਟੀਮ ਦੀ ਸਾਬਕਾ ਕਪਤਾਨ ਬੇਮ ਬੇਮ ਦੇਵੀ ਤੇ ਮੁੱਕੇਬਾਜ਼ ਸਰਿਤਾ ਦੇਵੀ ਸ਼ਾਮਲ ਹਨ।




# ਸਰਹੱਦ ’ਤੇ ਚੀਨੀ ਫੌਜ ਦੀ ਚੁਣੌਤੀ ਬਰਕਰਾਰ

ਪੁਣੇ:ਚੀਫ਼ ਆਫ ਡਿਫੈਂਸ ਸਟਾਫ਼ (ਸੀਡੀਐੱਸ) ਜਨਰਲ ਅਨਿਲ ਚੌਹਾਨ ਨੇ ਕਿਹਾ ਕਿ ਦੇਸ਼ ਦੀ ਉੱਤਰੀ ਸਰਹੱਦ ’ਤੇ ਚੀਨੀ ਫੌਜ ਤਾਇਨਾਤੀ ਨੂੰ ਲੈ ਕੇ ਕੋਈ ਫੇਰਬਦਲ ਨਹੀਂ ਹੋਇਆ। ਉਨ੍ਹਾਂ ਕਿਹਾ, ਉਹ (ਚੀਨੀ ਫੌਜੀ) ਵਾਪਸ ਨਹੀਂ ਗਏ। ਲਿਹਾਜ਼ਾ ਅਜੇ ਵੀ ਚੁਣੌਤੀ ਬਰਕਰਾਰ ਹੈ ਤੇ ਮੇਰਾ ਮੰਨਣਾ ਹੈ ਕਿ ਹਥਿਆਰਬੰਦ ਬਲ ਅਣਸੁਖਾਵੇਂ ਹਾਲਾਤ ਤੋਂ ਬਚਣ ਲਈ ਹਰ ਕਦਮ ਚੁੱਕ ਰਹੇ ਹਨ। ਜਨਰਲ ਚੌਹਾਨ ਨੇ ਕਿਹਾ, ‘‘ਅਸਲ ਮਕਸਦ ਹੈ ਕਿ ਅਸੀਂ ਆਪਣੀ ਸਰਜ਼ਮੀਨ ’ਤੇ ਕਾਨੂੰਨੀ ਦਾਅਵੇ ਨੂੰ ਬਰਕਰਾਰ ਰੱਖੀਏ।ਗੱਲਬਾਤ ਜਾਰੀ ਹੈ। ਉਮੀਦ ਹੈ ਕਿ ਉਹ ਵੀ ਵਾਪਸ ਆ ਜਾਣਗੀਆਂ। ਸਾਨੂੰ ਇਸ ਦੀ ਆਸ ਹੈ।’’ ਉਨ੍ਹਾਂ ਕਿਹਾ ਜਦੋਂ ਤੱਕ ਅਜਿਹਾ ਨਹੀਂ ਹੁੰਦਾ, ਸਾਨੂੰ ਸਰਹੱਦ ’ਤੇ ਲਗਾਤਾਰ ਚੌਕਸੀ ਰੱਖਣੀ ਹੋਵੇਗੀ।ਪਰ ਅਜਿਹਾ ਕਰਦਿਆਂ ਸਾਨੂੰ ਇਹ ਵੀ ਵੇਖਣ ਦੀ ਲੋੜ ਹੈ ਕਿ ਅਸੀਂ ਸਰਹੱਦ ’ਤੇ ਕਿਸੇ ਤਰ੍ਹਾਂ ਦਾ ਬੇਲੋੜਾ ਸੰਕਟ ਨਾ ਖੜ੍ਹਾ ਕਰੀਏ।










# .Ck Auto.

## CK AUTO SERVICES LTD.

SALE

BUY 4 TIRES & GET ALLIGNMENT AT 1/2 PRICE
FLAT TYRE REPAIR FREE




40% off


ਅਸੀਂ ਟਾਇਰਾਂ ਵਿਚ ਨਾਈਟਰੋਜਨ ਵੀ ਭਰਦੇ ਹਾਂ
ਅਸੀਂ ਹਰੇਕ ਬਰੈਂਡ ਦੇ ਟਾਇਰ ਰੱਖਦੇ ਹਾਂ

**Clearance Sale**
*Limited Quantity

On All Seasons & Winter Tires
(Auplus & Comforser)




**215/70R16**
COMFORSER
Reg: ~~$155.00~~
Now : $70.00



**235/65R17**
COMFORSER
Reg: ~~$220.00~~
Now : $95.00



**245/65R17**
COMFORSER
Reg: ~~$240.00~~
Now : $100.00




**215/70R15**
GOOD YEAR INTEGRITY
Reg: ~~$120.00~~
Now : $90.00



SALE

**Comforser**
Size: 205/60/16
Reg Price: ~~$110~~
Sale Price : $55



**Auplus**
Size: 205/60/16
Reg Price: ~~$125~~
Sale Price : $65

ਅਸੀਂ ਮੈਚਲਿਨ ਅਤੇ ਬਰਿੱਜ ਸਟੋਨ
ਦੇ ਟਾਇਰ ਵੀ ਵੇਚਦੇ ਹਾਂ

ਹੁਣ ਤੁਸੀਂ ਸਾਡੇ ਕੋਲੋਂ ਕਿਸੇ ਵੀ ਤਰ੍ਹਾਂ ਦੇ
ਕਾਰ, ਵੈਨ, ਐਸ ਯੂ ਵੀ ਦੇ ਟਾਇਰ ਲੈ ਸਕਦੇ ਹੋ

**Cell: 778-322-1610, Tel: 604-592-2667** #106-13112-84th Ave.,Surrey

---

ਪਿਛਲੇ 25 ਸਾਲ ਤੋਂ ਇੰਡੀਅਨ ਰੈਸਟੋਰੈਂਟ ਚਲਾ ਰਹੇ
(India Bistro Roosevelt) ਨੇ ਸ਼ੁਰੂ ਕਰ ਦਿੱਤੀ ਹੈ

#1 Services On Your Special Events

SARDAR JI
CATERING

# SARDAR JI CATERING

Website:www.sardarjicatering.com



ਗੁਰਦੁਆਰਾ ਸਾਹਿਬ ਦੇ ਪ੍ਰੋਗਰਾਮਾਂ ਲਈ ਸੇਵਾਵਾਂ ਵੀ ਦਿੰਦੇ ਹਾਂ ਅਤੇ
ਲੰਗਰ ਪੂਰੀ ਗੁਰ ਮਰਿਯਾਦਾ ਅਨੁਸਾਰ ਤਿਆਰ ਕੀਤਾ ਜਾਂਦਾ ਹੈ


•ਸ਼ਾਨਦਾਰ ਸਰਵਿਸ (ਤਜਰਬੇਕਾਰ ਅਤੇ ਟਰੇਨਡ ਕੁੱਕ)
•ਅਸੀਂ ਕੇਟਰਿੰਗ ਲਈ ਲਾਇਸੈਂਸਡ ਹਾਂ ਤੇ Hygenic Services ਦਿੰਦੇ ਹਾਂ
•ਪੰਜਾਬੀਆਂ ਦੇ ਜਾਇਕੇਦਾਰ ਲਾਜਵਾਬ ਸਵਾਦਲੇ ਖਾਣੇ ਬਣਾਉਂਦੇ ਹਾਂ
•ਕੇਟਰਿੰਗ ਤੋਂ ਇਲਾਵਾ ਕਰੌਕਰੀ ਅਤੇ ਵੇਟਰਾਂ ਦਾ ਪ੍ਰਬੰਧ ਕਰਦੇ ਹਾਂ
•LIVE FRESH ਕੁਕਿੰਗ •Excellent Food Presentation
•ਤੁਹਾਡੇ ਬੱਜਟ ਤੇ ਸਵਾਦ ਮੁਤਾਬਕ ਕਸਟਮਮੇਡ Menus
•ਹਰ ਤਰ੍ਹਾਂ ਦੇ ਫੰਕਸ਼ਨ ਤੇ ਸੇਵਾਵਾਂ ਪ੍ਰਦਾਨ ਕਰਦੇ ਹਾਂ
•ਲਾਇਸੈਂਸਡ ਫੂਡ ਟਰੱਕ ਅਤੇ ਤੰਦੂਰ ਲਾਉਂਦੇ ਹਾਂ

*No matter the Event *Count on us * Available for all occasions

**ਬੈਲਿੰਗਹਾਮ ਤੋਂ ਪੋਰਟਲੈਂਡ ਤੱਕ ਕੇਟਰਿੰਗ ਕਰਦੇ ਹਾਂ**

For Catering Enquiries Contact: **Off:206-517-4444, Cell:206-771-5079**

6417 Roosevelt Way NE #105, Seattle WA 98115 Email:sardarjicatering@gmail.com


Furniture Land
Furnishing Your Home For Less
SUMMER CLEARANCE
Store Hours
Mon-Sun 10am. to 6pm.
2 Locations
SURREY
13581 77th Avenue,
Surrey, BC V3W 6Y2
PH:(604) 591-9595
info@furnitureland.ca
RICHMOND
12180 Bridgeport Road,
Richmond, BC V6V 1J3
PH: (604) 278-9595
richmond@furnitureland.ca
DINNING TABLE SET
6pc $898
SECTIONAL SOFA Reg $4000
Sale $1998
Queen Bed Reg $3000
Sale $998
QUEEN STORAGE BED Reg $3000
Sale $898
BEDROOM SUITE Reg $5998
7pc $3498

# GURU ANGAD DEV ELEMENTARY

**13479 77 Ave, Surrey, BC V3W 6Y1 (604) 595-0888**

## GAD ਐਲੀਮੈਂਟਰੀ ਸਕੂਲ ਸਰੀ ਵਿਖੇ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਪ੍ਰਕਾਸ਼ ਪੁਰਬ ਧੂਮ-ਧਾਮ ਨਾਲ ਮਨਾਇਆ


















ਸਰੀ:ਗੁਰੂ ਅੰਗਦ ਦੇਵ ਐਲੀਮੈਂਟਰੀ ਸਕੂਲ, ਸਰੀ ਬੀ ਸੀ ਵੱਲੋਂ ਮਿਤੀ 19 ਮਈ ਨੂੰ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਪ੍ਰਕਾਸ਼ ਪੁਰਬ ਬੜੀ ਧੂਮ-ਧਾਮ ਨਾਲ ਮਨਾਇਆ ਗਿਆ।ਪ੍ਰੋਗਰਾਮ ਦੀ ਸ਼ੁਰੂਆਤ ਪ੍ਰਿੰਸੀਪਲ ਮਿਸਟਰ ਮਨਜੀਤ ਸਿੰਘ ਔਲਖ ਨੇ ਬਹੁ-ਗਿਣਤੀ ਵਿੱਚ ਪਹੁੰਚੇ ਮਾਪਿਆਂ ਨੂੰ ਜੀ ਆਇਆ ਕਹਿ ਕੇ ਕੀਤੀ। ਉਹਨਾਂ ਨੇ ਦੂਜੀ ਪਾਤਸ਼ਾਹੀ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਜੀਵਨ ਅਤੇ ਲੋਕ ਭਲਾਈ ਲਈ ਕੀਤੇ ਕਾਰਜਾਂ ਬਾਰੇ ਚਾਨਣਾ ਪਾਇਆ।ਉਹਨਾਂ ਨੇ ਗੁਰੂ ਅੰਗਦ ਦੇਵ ਜੀ ਵੱਲੋਂ ਆਪਣੇ ਸਮੇਂ ਚਲਾਏ ਪੰਜਾਬੀ ਸਕੂਲਾਂ ਦੀ ਮਹੱਤਤਾ ਦੱਸਦਿਆਂ ਗੁਰੂ ਅੰਗਦ ਦੇਵ ਐਲੀਮੈਂਟਰੀ ਸਕੂਲ ਨੂੰ ਵੀ ਇਸ ਲੜੀ ਦਾ ਇੱਕ ਹਿੱਸਾ ਕਿਹਾ।ਉਹਨਾਂ ਅਨੁਸਾਰ ਇਹ ਸਕੂਲ ਕਨੇਡੀਅਨ ਅਕਾਦਮਿਕ ਸਿਖਲਾਈ ਦੇ ਨਾਲ-ਨਾਲ ਪੰਜਾਬੀ, ਗੁਰਬਾਣੀ, ਕੀਰਤਨ, ਤਬਲਾ,ਸਿੱਖ ਇਤਿਹਾਸ ਅਤੇ ਸਿੱਖ ਮਾਰਸ਼ਲ ਆਰਟ ਗੱਤਕਾ ਬਾਰੇ ਵੀ ਬੱਚਿਆਂ ਨੂੰ ਵਿਸ਼ੇਸ਼ ਸਿਖਲਾਈ ਪ੍ਰਦਾਨ ਕਰਦਾ ਹੈ।ਸਕੂਲ ਦੇ ਬੱਚੇ, ਅਧਿਆਪਕ ਅਤੇ ਮਾਪੇ ਪੰਜਾਬੀ ਪਹਿਰਾਵੇ ਵਿੱਚ ਸ਼_ਸ਼ੋਭਿਤ ਸਨ।ਪੋਗਰਾਮ ਦੀ ਸ਼ੁਰੂਆਤ ਸਕੂਲ ਦੇ ਗਰੇਡ 6 ਦੇ ਬੱਚਿਆਂ ਨੇ ਜਪੁਜੀ ਸਾਹਿਬ ਦੇ ਪਾਠ ਨਾਲ ਕੀਤੀ ਗਈ।ਇਸ ਤੋਂ ਬਾਅਦ ਪ੍ਰੀ ਸਕੂਲ, ਗਰੇਡ 1,2,3,5,7,8,9 ਦੇ ਬੱਚਿਆਂ ਨੇ ਸ਼ਬਦਾਂ ਅਤੇ ਧਾਰਮਿਕ ਕਵਿਤਾਵਾਂ ਦਾ ਗਾਇਨ ਕੀਤਾ। ਪ੍ਰੋਗਰਾਮ ਦੀ ਸਮਾਪਤੀ ਅਨੰਦ ਸਾਹਿਬ ਦੇ ਪਾਠ ਅਤੇ ਅਰਦਾਸ ਨਾਲ ਕੀਤੀ ਗਈ।ਆਖ਼ਿਰ ਵਿੱਚ ਦੇਗ ਅਤੇ ਗੁਰੂ ਕਾ ਲ਼ੰਗਰ ਵੀ ਵਰਤਾਇਆ ਗਿਆ।

***Top Quality *Friendly Service * On Time & Free Delivery**

ਲੋਕਾਂ ਦੀ ਪੁਰਜ਼ੋਰ ਮੰਗ ਤੇ ਪਾਲ ਨਰਵਾਲ ਅਤੇ ਪੈਟਰਿਕ ਨੇ ਖੋਲ੍ਹ ਦਿੱਤਾ ਹੈ 'ਫਰਨੀਚਰ ਲੀਕਿਊਡੇਟਰਜ' (77 ਐਵੇਨਿਊ ਤੇ 128 ਸਟਰੀਟ) ਦੀ ਨੁੱਕਰ ਤੇ ਜਿੱਥੋਂ ਤੁਸੀਂ ਉਨ੍ਹਾਂ ਦੇ ਆਪਣੇ ਬਣਾਏ ਹੋਏ ਬਾਕਸ ਬੈੱਡ, ਸੋਫਾ ਸੈੱਟ ਅਤੇ ਮੈਟਰੈੱਸ ਕੌਡੀਆਂ ਦੇ ਭਾਅ ਖਰੀਦੋ

# FIRST CHOICE FURNITURE LIQUIDATORS

**7743-128St Surrey, BC (Opposite to Subway)**




ਵੱਖ ਵੱਖ ਤਰ੍ਹਾਂ ਦੇ ਕੱਪੜੇ ਅਤੇ ਰੰਗਾਂ ਵਿਚ




ਵੱਖ ਵੱਖ ਤਰ੍ਹਾਂ ਦੇ ਕੱਪੜੇ ਅਤੇ ਰੰਗਾਂ, ਹਾਰਡ/ਮੀਡੀਅਮ/ਸੌਫਟ ਫੋਮ ਵਿਚ













**Foam Mattress**



Single $99 Double $129 Queen $149

**Matresses**



Single $149.00 Double $249.00
Queen $299.00



ਗੌਦਰੇਜ
ਦੀ ਅਲਮਾਰੀ
ਕੀਮਤ
$599.00

**Paul Narwal & Patrick 604-503-4457 ਜਾਂ 236-868-1628**

"THERE IS ONLY ONE FATHER, AND WE ARE ALL HIS CHILDREN, RECOGNIZE ALL HUMAN RACE AS ONE" GURU NANAK

ੴ ਵਾਹਿਗੁਰੂ ਜੀ ਕੀ ਫਤਹਿ॥

GURDWARA BABA NANAK SAHIB


# SQUAMISH SIKH SOCIETY

PO Box:556 SQUAMISH, B.C. V8B 0A5

TELEPHONE: 604-892-5016 Fax:604-892-5048

## ਸ਼ਕਾਮਿਸ਼ ਵਿਖੇ ਸਲਾਨਾ 16ਵਾਂ ਨਗਰ ਕੀਰਤਨ 17 ਜੂਨ ਨੂੰ








ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਗੁਰੂ ਘਰ ਸਕਾਮਿਸ਼ ਵਿਖੇ ਜੋ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਸ਼ਹੀਦੀ ਪੁਰਬ ਤੇ ਸੰਗਤਾਂ ਵੱਲੋਂ ਸ੍ਰੀ ਅਖੰਡਪਾਠ ਸਾਹਿਬ ਦੇ ਭੋਗ ਤੋਂ ਉਪਰੰਤ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਾਲਾਨਾ ਨਗਰ ਕੀਰਤਨ 17 ਜੂਨ ਦਿਨ ਸ਼ਨਿਚਰਵਾਰ ਨੂੰ ਆਯੋਜਿਤ ਕੀਤੇ ਗਏ ਹਨ। ਬੀ.ਸੀ ਦੀਆਂ ਸਮੂੰਹ ਸਿੱਖ ਸੁਸਾਇਟੀਆਂ ਅਤੇ ਆਪ ਸਭ ਸੰਗਤਾਂ ਨੂੰ ਗੁਰੂ ਘਰ ਵਿਖੇ ਨਗਰ ਕੀਰਤਨ ਵਿਚ ਸ਼ਾਮਲ ਹੋਣ ਦੀ ਬੇਨਤੀ ਕੀਤੀ ਜਾਂਦੀ ਹੈ।

### ਪ੍ਰੋਗਰਾਮ

ਆਰੰਭ ਸ੍ਰੀ ਅਖੰਡਪਾਠ ਸਾਹਿਬ 15 ਜੂਨ ਦਿਨ ਵੀਰਵਾਰ ਸਵੇਰੇ 9 ਵਜੇ

ਭੋਗ ਸ੍ਰੀ ਅਖੰਡਪਾਠ ਸਾਹਿਬ 17 ਜੂਨ ਦਿਨ ਸ਼ਨਿਚਰਵਾਰ ਸਵੇਰੇ 9 ਵਜੇ

**ਨਗਰ ਕੀਰਤਨ ਗੁਰੂ ਘਰ ਤੋਂ 17 ਜੂਨ ਦਿਨ ਸ਼ਨਿਚਰਵਾਰ ਸਵੇਰੇ 10 ਵਜੇ ਚਾਲੇ ਪਾਵੇਗਾ**

**ਜਿਨ੍ਹਾਂ ਵੀਰਾਂ ਭੈਣਾਂ ਜਾਂ ਸੰਸਥਾਵਾਂ ਨੇ ਸਟਾਲ ਲਾਉਣੇ ਹਨ ਉਹ ਕਮੇਟੀ ਨਾਲ ਸੰਪਰਕ ਕਰਨ ਤਾਂ ਕਿ ਉਨ੍ਹਾਂ ਲਈ ਜਗ੍ਹਾ ਦਾ ਪ੍ਰਬੰਧ ਕਰ ਸਕੀਏ**

### ਬੇਨਤੀ ਕਰਤਾ

**ਸਮੂੰਹ ਸਿੱਖ ਸੰਗਤ ਨਿਵਾਸੀ ਸ਼ਕਾਮਿਸ਼ ਬੀ.ਸੀ ਵੱਲੋਂ ਸਭ ਨੂੰ ਹਾਰਦਿਕ ਸੱਦਾ**

ਪ੍ਰਧਾਨ ਸੁਕਾਮਿਸ਼ ਸਿੱਖ ਸੁਸਾਇਟੀ
ਮੱਖਣ ਸਿੰਘ ਸੰਘੇੜਾ
604-892-9650
604-815-1516

ਸੈਕਟਰੀ
ਅਵਤਾਰ ਸਿੰਘ ਗਿੱਧਾ
604-898-3467
604-849-1940

ਖਜ਼ਾਨਚੀ
ਸ. ਹਰਭਜਨ ਸਿੰਘ ਗਰੇਵਾਲ
604-898-3205
ਗੁਰਪਾਲ ਸਿੰਘ ਢੀਂਡਸਾ
604-815-1990

ਸੇਵਾਦਾਰ
ਰਾਮ ਸਿੰਘ ਸੰਘਾ
604-213-4111
ਨਿਮਰਜੀਤ ਥਾਂਦੀ
604-815-1124

# ਸਿੱਖਾਂ ਵਿੱਚ ਅਜ਼ਾਦੀ ਦਾ ਜ਼ਜ਼ਬਾ ਕਿਉਂ ਖਤਮ ਹੋਇਆ?

ਅਸੀ ਵਾਰ- ਵਾਰ ਇਹ ਹੋਕਾ ਕਿਉਂ ਦੇ ਰਹੇ ਹਾਂ ਕਿ ਸਿੱਖ ਸਿਆਸਤ ਦਾ ਵਿਹੜਾ ਖ਼ਾਲੀ ਹੈ, ਜੇ ਇਸਨੂੰ ਕਿਸੇ ਕੌਮ ਦੇ ਵਾਰਿਸ ਨੇ ਸਾਂਭਿਆ, ਤਾਂ ਪਤਾ ਨਹੀਂ ਇਸਨੂੰ ਕੌਣ ਭਰੇਗਾ, ਪ੍ਰੰਤੂ ਇਸ ਖ਼ਾਲੀ ਥਾਂ ਦਾ ਭਰਨਾ ਜ਼ਰੂਰੀ ਹੈ, ਇਸ ਲਈ ਇਹ ਭਰਿਆ ਜਾਵੇਗਾ ਪ੍ਰੰਤੂ ਇਸ ਥਾਂ ਨੂੰ ਭਰਨ ਵਾਲਾ ਸਿੱਖ ਕੌਮ ਅਸਲੀ ਨਾਇਕ ਹੋਵੇ। ਮਹਾਰਾਜਾ ਰਣਜੀਤ ਸਿੰਘ ਦਾ ਰਾਜ ਭਾਗ ਗੁਆਉਣ ਤੋਂ ਬਾਅਦ ਕੌਮ ਨੂੰ ਨਿਹੋਰੇ ਮਿਲ ਰਹੇ ਹਨ,"ਇਕ ਸਰਕਾਰ ਬਾਝੋਂ, ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ"। ਕੌਮੀ ਲੀਡਰਾਂ ਦਾ ਬੂਝੜਪਣ ਕਾਰਣ, ਘੱਟ ਸਮਝ ਕਾਰਣ, ਦਲੇਰੀ ਦੀ ਕਮੀ ਹੋਣ ਕਾਰਣ, ਦੂਰ ਦ੍ਰਿਟੀ ਨਾ ਹੋਣਾ ਕਾਰਣ, ਅਗਵਾਈ ਦੀ ਯੋਗਤਾ ਨਾ ਹੋਣ ਕਾਰਣ, ਕੌਮਾਂ ਨੇ ਹਰ ਮੁਹਾਜ਼ ਤੇ ਹਾਰਾਂ ਹੀ ਝੁੱਲੀਆਂ ਹਨ। ਕੌਮ ਨੇ ਦੁਸ਼ਮਣ ਨਾਲ ਹਮੇਸ਼ਾ ਡੱਟਕੇ ਲੋਹਾ ਲਿਆ ਹੈ। ਦੇਸ਼ ਦੇ ਅਤੇ ਵਿਸ਼ਵ ਵਿਆਪੀ ਹਾਲਤ ਇਹੋ ਜਿਹੇ ਬਣ ਰਹੇ ਹਨ ਕਿ ਸਿੱਖ ਕੌਮ ਨੂੰ ਆਪਣੀ ਅਜ਼ਾਦੀ ਦੀ ਗੱਲ ਕਰਨੀ ਚਾਹੀਦੀ ਹੈ। ਹੁਣ ਜਦੋਂ ਕਿ ਦੇਸ਼ ਦੀ ਬਹੁਗਿਣਤੀ ਹਿੰਦੂ ਰਾਸ਼ਟਰ ਦੀ ਗੱਲ ਕਰ ਰਹੀ ਹੈ ਤਾਂ ਸਿੱਖਾਂ ਨੂੰ ਸਿੱਖ ਰਾਜ ਦੀ ਗੱਲ੍ਹ ਜ਼ਰੂਰ ਕਰਨੀ ਚਾਹੀਦੀ ਹੈ। ਤਿੰਨ ਕੌਮਾਂ ਦੀ ਥਿਊਰੀ ਨੂੰ ਦਫ਼ਨ ਨਹੀਂ ਕਰਨਾ ਚਾਹੀਦਾ, ਸਗੋਂ ਉਸ ਥਿਊਰੀ ਤੇ ਅਧਾਰਿਤ ਸਿੱਖਾਂ ਦੇ ਆਪਣੇ ਰਾਜ ਦੀ ਮੰਗ ਕਰਨੀ ਚਾਹੀਦੀ ਹੈ। ਪ੍ਰੰਤੂ ਇਹ ਮੰਗ ਕੌਣ ਕਰੂੰਗਾ ਤੇ ਸਿੱਖ ਇਸਤੇ ਭਰੋਸਾ ਕਰਨਗੇ ? ਸਿੱਖਾਂ 'ਚ ਤਾਂ ਇਹ ਆਦਤ ਪੱਕ ਚੁੱਕੀ ਹੈ ਕਿ ਸਿਰਫ਼ ਪੰਗ ਲਾਹੁਣੀ ਹੀ ਜਾਣਦੇ ਹਨ। ਕਿਸੇ ਕੌਮੀ ਨਾਇਕ ਦਾ ਸਾਥ ਦੇਣਾ ਨਹੀਂ। ਕੌਮ ਨੇ ਹਰ ਸੰਘਰਸ਼ ਅਤੇ ਬਿਖੜੇ ਸਮੇਂ, ਸਿੱਖੀ ਸ਼ਿੱਦਤ ਨਾਲ ਲੜਾਈ ਦਿੱਤੀ ਹੈ, ਪ੍ਰੰਤੂ ਸਿੱਖ ਆਗੂਆਂ ਦੀ ਨਲਾਇਕੀ, ਸੁਆਰਥ ਅਤੇ ਸੌਖੇ ਵਿੱਕ ਜਾਣ ਕਾਰਨ, ਅਥਾਹ ਕੁਰਬਾਨੀਆਂ ਅਜ਼ਾਈ ਹੀ ਨਹੀਂ ਗਈਆਂ, ਸਗੋਂ ਕੌਮ ਦੇ ਪੱਲੇ ਨਮੋਸ਼ੀ ਤੇ ਨਿਰਾਸ਼ਤਾ ਪਈ ਹੈ, ਜਿਸਨੇ ਸਿੱਖੀ ਦੇ ਪਾਸਾਰ ਨੂੰ ਵੱਡਾ ਖੋਰਾ ਲਾਇਆ ਹੈ, ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਸਥਾਪਿਤ ਪਹਿਲੇ ਸਿੱਖ ਰਾਜ ਨੂੰ ਕੌਮ ਦੇ ਆਗੂਆਂ ਦੀ ਨਿੱਜੀ ਈਰਖਾ, ਹਉਮੈ ਤੇ ਸੁਆਰਥ ਨੇ ਗੁਆਇਆ, ਫਿਰ ਮਹਾਰਾਜਾ ਰਣਜੀਤ ਸਿੰਘ ਵਾਲਾ ਰਾਜ ਭਾਗ ਗੁਆਉਣ ਤੋਂ ਬਾਅਦ ਕੌਮ ਨੂੰ ਨਿਹੋਰੇ ਮਿਲ ਰਹੇ ਹਨ,"ਇਕ ਸਰਕਾਰ ਬਾਝੋਂ, ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ"। ਕੌਮੀ ਲੀਡਰਾਂ ਦਾ ਬੂਝੜਪਣ ਕਾਰਣ, ਘੱਟ ਸਮਝ ਕਾਰਣ, ਦਲੇਰੀ ਦੀ ਕਮੀ ਹੋਣ ਕਾਰਣ, ਦੂਰ ਦ੍ਰਿਟੀ ਨਾ ਹੋਣਾ ਕਾਰਣ, ਅਗਵਾਈ ਦੀ ਯੋਗਤਾ ਨਾ ਹੋਣ ਕਾਰਣ, ਕੌਮਾਂ ਨੇ ਹਰ ਮੁਹਾਜ਼ ਤੇ ਹਾਰਾਂ ਹੀ ਝੁੱਲੀਆਂ ਹਨ। ਕੌਮ ਨੇ ਦੁਸ਼ਮਣ ਨਾਲ ਹਮੇਸ਼ਾ ਡੱਟਕੇ ਲੋਹਾ ਲਿਆ ਹੈ। ਦੇਸ਼ ਦੇ ਅਤੇ ਵਿਸ਼ਵ ਵਿਆਪੀ ਹਾਲਤ ਇਹੋ ਜਿਹੇ ਬਣ ਰਹੇ ਹਨ ਕਿ ਸਿੱਖ ਕੌਮ ਨੂੰ ਆਪਣੀ ਅਜ਼ਾਦੀ ਦੀ ਗੱਲ ਕਰਨੀ ਚਾਹੀਦੀ ਹੈ। ਹੁਣ ਜਦੋਂ ਕਿ ਦੇਸ਼ ਦੀ ਬਹੁਗਿਣਤੀ ਹਿੰਦੂ ਰਾਸ਼ਟਰ ਦੀ ਗੱਲ ਕਰ ਰਹੀ ਹੈ ਤਾਂ ਸਿੱਖਾਂ ਨੂੰ ਸਿੱਖ ਰਾਜ ਦੀ ਗੱਲ੍ਹ ਜ਼ਰੂਰ ਕਰਨੀ ਚਾਹੀਦੀ ਹੈ। ਤਿੰਨ ਕੌਮਾਂ ਦੀ ਥਿਊਰੀ ਨੂੰ ਦਫ਼ਨ ਨਹੀਂ ਕਰਨਾ ਚਾਹੀਦਾ, ਸਗੋਂ ਉਸ ਥਿਊਰੀ ਤੇ ਅਧਾਰਿਤ ਸਿੱਖਾਂ ਦੇ ਆਪਣੇ ਰਾਜ ਦੀ ਮੰਗ ਕਰਨੀ ਚਾਹੀਦੀ ਹੈ। ਪ੍ਰੰਤੂ ਇਹ ਮੰਗ ਕੌਣ ਕਰੂੰਗਾ ਤੇ ਸਿੱਖ ਇਸਤੇ ਭਰੋਸਾ ਕਰਨਗੇ ? ਸਿੱਖਾਂ 'ਚ ਤਾਂ ਇਹ ਆਦਤ ਪੱਕ ਚੁੱਕੀ ਹੈ ਕਿ ਸਿਰਫ਼ ਪੰਗ ਲਾਹੁਣੀ ਹੀ ਜਾਣਦੇ ਹਨ। ਕਿਸੇ ਕੌਮੀ ਨਾਇਕ ਦਾ ਸਾਥ ਦੇਣਾ ਨਹੀਂ। ਕੌਮ ਨੇ ਹਰ ਸੰਘਰਸ਼ ਅਤੇ ਬਿਖੜੇ ਸਮੇਂ, ਸਿੱਖੀ ਸ਼ਿੱਦਤ ਨਾਲ ਲੜਾਈ ਦਿੱਤੀ ਹੈ, ਪ੍ਰੰਤੂ ਸਿੱਖ ਆਗੂਆਂ ਦੀ ਨਲਾਇਕੀ, ਸੁਆਰਥ ਅਤੇ ਸੌਖੇ ਵਿੱਕ ਜਾਣ ਕਾਰਨ, ਅਥਾਹ ਕੁਰਬਾਨੀਆਂ ਅਜ਼ਾਈ ਹੀ ਨਹੀਂ ਗਈਆਂ, ਸਗੋਂ ਕੌਮ ਦੇ ਪੱਲੇ ਨਮੋਸ਼ੀ ਤੇ ਨਿਰਾਸ਼ਤਾ ਪਈ ਹੈ, ਜਿਸਨੇ ਸਿੱਖੀ ਦੇ ਪਾਸਾਰ ਨੂੰ ਵੱਡਾ ਖੋਰਾ ਲਾਇਆ ਹੈ, ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਸਥਾਪਿਤ ਪਹਿਲੇ ਸਿੱਖ ਰਾਜ ਨੂੰ ਕੌਮ ਦੇ ਆਗੂਆਂ ਦੀ ਨਿੱਜੀ ਈਰਖਾ, ਹਉਮੈ ਤੇ ਸੁਆਰਥ ਨੇ ਗੁਆਇਆ, ਫਿਰ ਮਹਾਰਾਜਾ ਰਣਜੀਤ ਸਿੰਘ ਵਾਲਾ ਰਾਜ ਵੀ 'ਸੁਆਰਥਾਂ' ਦੀ ਭੇਂਟ ਚੜ੍ਹ ਗਿਆ ਅਤੇ ਉਸਤੋਂ ਬਾਅਦ ਦੇਸ਼ ਦੀ ਅਜ਼ਾਦੀ ਦੀ ਲੜਾਈ ਲਈ ਕੀਤੀਆਂ ਅਥਾਹ ਕੁਰਬਾਨੀਆਂ ਵੀ ਸਾਡੇ ਆਗੂਆਂ 'ਚ ਦੂਰਦ੍ਰਿਸ਼ਟੀ ਦੀ ਘਾਟ ਕਾਰਨ ਖੂਹ- ਖਾਤੇ ਹੀ ਨਹੀਂ ਪਈਆਂ, ਸਗੋਂ ਅਸੀਂ ਆਪਣੇ ਗਲ 'ਚ ਆਪਣੇ ਹੱਥੀਂ ਗੁਲਾਮੀ ਦੀਆਂ ਪੱਕੀਆਂ ਜੰਜੀਰਾਂ ਪਾ ਲਈਆਂ, ਪੰਜਾਬੀ ਸੂਬੇ ਲਈ ਲਾ-ਮਿਸ਼ਾਲ ਕੁਰਬਾਨੀਆਂ ਦੇ ਕੇ ਆਗੂਆਂ ਦੀ ਬੁਜ਼ਦਿਲੀ ਸਦਕਾ 'ਲੰਗੜੇ ਪੰਜਾਬੀ ਸੂਬੇ' ਨੂੰ ਆਪਣੀ ਝੋਲੀ ਪੁਆ ਲਿਆ ਹੈ, ਕੌਮੀ ਘਰ ਲਈ ਹੋਏ ਸਿੱਖ ਸੰਘਰਸ਼ ਦੇ ਡੇਢ ਦਹਾਕੇ 'ਚ ਹਜ਼ਾਰਾਂ ਨੌਜਵਾਨਾਂ ਦੀਆਂ ਸ਼ਹੀਦੀਆਂ, ਹਜ਼ਾਰਾਂ ਘਰਾਂ ਦੀ ਬਰਬਾਦੀ, ਬਜ਼ੁਰਗਾਂ, ਧੀਆਂ- ਭੈਣਾਂ ਹੀ ਥਾਣਿਆਂ 'ਚ ਅਕਿਹ ਬੇਪਤੀ, ਸਿੱਖਾਂ ਦੀ ਤੀਜੀ ਨਸਲਕੁਸ਼ੀ, ਸ੍ਰੀ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਦੇ ਢਹਿ- ਢੇਰੀ ਕੀਤੇ ਜਾਣ ਅਤੇ ਵੀਂਹਵੀ ਸਦੀ 'ਚ ਮਿਲੇ ਇੱਕੋ-ਇੱਕ "ਜਰਨੈਲ" ਨੂੰ ਗੁਆ ਲੈਣ ਵਰਗੇ ਕਾਂਡ ਆਪਣੇ ਪਿੰਡੇ ਤੇ ਹੰਢਾ, ਉਨ੍ਹਾਂ ਦਾ ਸੇਕ ਭੁਗਤਣ ਦੇ ਬਾਵਜੂਦ, ਸਿੱਖ ਆਗੂਆਂ ਨੇ ਨਿੱਜੀ ਸੁਆਰਥ, ਨਿੱਜੀ ਹਉਮੈ, ਨਿੱਜੀ ਈਰਖਾ ਨੂੰ ਨਹੀਂ ਤਿਆਗਿਆ ਅਤੇ ਕੌਮ ਨੂੰ ਹਰ ਜੰਗੀ ਮੁਹਾਜ਼ ਤੇ ਧੋਖਾ ਦਿੱਤਾ। ਸਿੱਖ ਆਗੂਆਂ 'ਚ ਬੁਜ਼ਦਿਲੀ, ਨਲਾਇਕੀ, ਸੌੜੀ ਸੋਚ, ਨਿੱਜੀ ਲਾਲਸਾ ਦੇ ਸਦੀਆਂ ਤੋਂ ਭਾਰੂ ਰਹਿਣ ਪਿੱਛੇ ਕੀ ਕਾਰਨ ਹਨ ? ਫੌਜਾਂ ਇੱਕ ਸਰਕਾਰ ਬਾਂਝੋਂ ਵਾਰ- ਵਾਰ ਹਾਰਦੀਆਂ ਆ ਰਹੀਆਂ ਹਨ, ਫਿਰ ਕੌਮ ਉਸ ਸਰਕਾਰ ਨੂੰ ਸਥਾਪਿਤ ਕਿਉਂ ਨਹੀਂ ਕਰ ਸਕੀ ? ਕੀ ਇਸਦਾ ਦੋਸ਼ ਸਮੁੱਚੀ ਕੌਮ ਸਿਰ ਹੀ ਮੜ੍ਹਿਆ ਜਾਵੇਗਾ ? ਕਿ ਉਹ ਯੋਗ ਆਗੂ ਲੱਭ ਹੀ ਨਹੀਂ ਸਕੀ। ਅੱਜ ਜਦੋਂ ਦੋ ਅਹਿਮ ਤੇ ਗੰਭੀਰ ਮੁੱਦੇ ਕੌਮ ਨੂੰ ਦਰਪੇਸ਼ ਹਨ, ਜਿਨ੍ਹਾਂ ਨੂੰ ਲੈ ਕੇ ਸਿੱਖ ਭਾਵਨਾਵਾਂ ਅਸ਼ਾਂਤ ਹਨ, ਉਹ ਮੁੱਦੇ ਵੀ ਸਿਆਸੀ ਫੁੱਟਬਾਲ ਨਾ ਬਣ ਜਾਣ, ਇਸ ਲਈ ਅਸੀਂ ਹਰ ਪੰਥ ਦਰਦੀ ਅਤੇ ਖ਼ਾਸ ਕਰਕੇ ਸਿੱਖ ਆਗੂਆਂ ਨੂੰ ਅਰਜ਼ੋਈ ਕਰਾਂਗੇ ਕਿ ਉਹ ਪੰਥਕ ਮੁੱਦਿਆਂ ਨੂੰ ਆਪੋ-ਆਪਣੇ ਸੌੜੇ ਸਿਆਸੀ ਸੁਆਰਥ ਦੀ ਐਨਕ 'ਚੋਂ ਵੇਖਣਾ ਬੰਦ ਕਰ ਦੇਣ ਅਤੇ ਪੰਥ ਨੂੰ ਕੋਈ ਪ੍ਰਾਪਤੀ ਕਰਕੇ ਵਿਖਾਉਣ ਲਈ ਬੰਦੀ ਸਿੰਘਾਂ ਦੀ ਰਿਹਾਈ ਦਾ ਮਾਮਲਾ ਸਿੱਖਾਂ ਦੀਆਂ ਭਾਵਨਾਵਾਂ ਨਾਲ ਜੁੜਿਆ ਹੋਇਆ ਹੈ। ਸਿਹਰਾ ਬੰਨ੍ਹਣ ਦੀ ਦੌੜ ਤੇ ਦੂਜੇ ਨੂੰ ਧੱਬਾ ਲਾਉਣ ਦੀ ਮਨਸ਼ਾ ਨੂੰ ਤਿਆਗ ਕੇ, ਇਸ ਮਾਮਲੇ 'ਚ ਪ੍ਰਾਪਤੀ ਲਈ ਯੋਗ ਰਾਹ ਚੁਣਿਆ ਜਾਣਾ ਚਾਹੀਦਾ ਹੈ। ਕਾਨੂੰਨੀ ਚਾਰਾਜੋਈ, ਸਿਆਸੀ ਪ੍ਰਭਾਵ, ਅੰਤਰਰਾਸ਼ਟਰੀ ਦਬਾਅ, ਸਾਰੇ ਦੇ ਸਾਰੇ ਹਥਿਆਰ, ਇਕੱਠੇ ਹੋ ਕੇ ਵਰਤਣੇ ਚਾਹੀਦੇ ਹਨ। ਜਿਹੜੀ ਗ਼ਲਤੀ ਸ਼ਹੀਦ ਜਿੰਦਾ-ਸੁੱਖਾ ਸਮੇਂ ਕੀਤੀ ਜਾ ਚੁੱਕੀ ਹੈ, ਉਸਨੂੰ ਮੁੜ ਦੁਹਰਾਇਆ ਨਾ ਜਾਵੇ। ਵੋਟ ਮੰਗਤੇ, ਕੌਮ ਦੀ ਏਕਤਾ ਤੋਂ ਹੀ ਡਰਦੇ ਹਨ, ਜਦੋਂ ਉਨ੍ਹਾਂ ਨੂੰ ਇਹ ਅਹਿਸਾਸ ਹੋ ਗਿਆ ਕਿ ਕੌਮ, ਪੰਥਕ ਮਸਲਿਆਂ ਤੇ ਇੱਕਜੁੱਟ ਹੈ ਤਾਂ ਉਹ ਝੱਟ ਮੋਹਰੀ ਹੋ ਕੇ ਆ ਖੜ੍ਹਨਗੇ।ਪ੍ਰੰਤੂ ਲੋੜ ਹੈ ਕਿ ਕੌਮ ਦੇ ਗੰਭੀਰ ਮੁੱਦਿਆਂ ਤੇ ਸਿਆਸੀ ਖੇਡ ਬੰਦ ਕੀਤੀ ਜਾਵੇ ਅਤੇ ਜੇ ਕੋਈ ਫਿਰ ਵੀ ਗ਼ਦਾਰੀ ਕਰਨ ਤੋਂ ਨਹੀਂ ਹੱਟਦਾ ਤਾਂ ਉਸਦੀ ਸੱਚਾਈ ਕੌਮ ਸਾਹਮਣੇ ਸਬੂਤਾਂ ਸਮੇਤ ਪੇਸ਼ ਕਰਕੇ, ਉਸਨੂੰ ਮੈਦਾਨ 'ਚੋਂ ਬਾਹਰ ਬਿਠਾ ਦਿੱਤਾ ਜਾਵੇ। ਭਾਵੇਂ ਜਦੋਂ ਤੱਕ ਕੌਮ ਖ਼ੁਦ ਸਿਆਣੀ ਹੋ ਕੇ, ਸਿਆਣੇ ਆਗੂ ਦੀ ਚੋਣ ਨਹੀਂ ਕਰਦੀ, ਉਦੋਂ ਤੱਕ ਇਸ 'ਸੰਤਾਪ' ਤੋਂ ਬਾਹਰ ਆਉਣਾ ਅਸੰਭਵ ਹੈ, ਪ੍ਰੰਤੂ ਅੱਜ ਦੇ ਇਸ ਨਾਜ਼ੁਕ ਸਮੇਂ ਅਸੀਂ ਸਾਰੇ ਸਿੱਖ ਆਗੂਆਂ ਨੂੰ 'ਪੰਥ ਦੇ ਵਾਲੀ' ਦਾ ਵਾਸਤਾ ਪਾ ਕੇ, ਆਪੇ ਦੀ ਥਾਂ 'ਕੌਮ' ਲਈ ਸੋਚਣ ਤੇ ਕੁਝ ਕਰਨ ਦੀ ਜੋਦੜੀ ਇੱਕ ਵਾਰ ਫਿਰ ਕਰਾਂਗੇ। ਅੱਜ ਅਸੀਂ ਸੰਪਾਦਕੀ ਨਹੀਂ ਲਿਖ ਰਹੇ, ਸਗੋਂ ਆਪਣੇ ਮਨ ਦੀ ਵੇਦਨਾ ਨੂੰ, ਭਾਵਨਾਵਾਂ ਨੂੰ, ਜ਼ਜ਼ਬਾਤਾਂ ਨੂੰ ਆਪਣੀ ਕਲਮ ਰਾਹੀਂ ਕੌਮ ਤੱਕ ਪਹੁੰਚਾਉਣ ਦਾ ਯਤਨ ਕਰ ਰਹੇ ਹਾਂ। ਕੌਮ ਇਨ੍ਹਾਂ ਭਾਵਨਾਵਾਂ ਨੂੰ, ਜ਼ਜ਼ਬਾਤਾਂ ਨੂੰ ਕਿਵੇਂ ਲੈਂਦੀ ਹੈ ? ਉਸ ਦੀ ਮਰਜ਼ੀ। ਕੱਲ੍ਹ 27 ਮਈ ਨੂੰ ਪਲੇਠੇ ਦਰਬਾਰ-ਏ-ਖ਼ਾਲਸਾ ਦੀ ਸਥਾਪਨਾ ਹੋਈ ਸੀ। ਅਸੀਂ ਇਸ ਧਰਤੀ 'ਤੇ ਇੱਕ ਆਜ਼ਾਦ ਖ਼ਾਲਸਾ ਰਾਜ ਦੇ ਵਾਰਿਸ ਹਾਂ, ਇਹ ਗੱਜ-ਵੱਜ ਕੇ ਐਲਾਨ ਕਰਨ ਦਾ ਦਿਨ ਸੀ। ਖ਼ਾਲਸੇ ਦੀ ਪਲੇਠੀ ਰਾਜਧਾਨੀ ਕਿਲਾ ਲੋਹਗੜ੍ਹ ਵਿਖੇ ਕੇਸਰੀ ਨਿਸ਼ਾਨ ਨੂੰ ਸਲਾਮੀ ਦੇਣ ਦਾ ਦਿਹਾੜਾ ਸੀ। ਪ੍ਰੰਤੂ ਕੌਮ ਨੂੰ ਆਪਣੇ ਖ਼ਾਲਸਾ ਰਾਜ ਦੇ ਵਾਰਿਸ ਹੋਣ ਦਾ ਚੇਤਾ ਹੀ ਭੁੱਲ ਗਿਆ।ਅਸੀਂ ਗ਼ੁਲਾਮੀ ਦੀਆਂ ਜ਼ੰਜ਼ੀਰਾਂ ਨੂੰ ਆਪਣੀ ਹੋਣੀ ਪ੍ਰਵਾਨ ਕਰ ਲਿਆ ਹੈ। ਇਸ ਲਈ ਆਜ਼ਾਦੀ ਦੀ ਤਾਂਘ ਸਾਡੀ ਕੌਮ 'ਚੋਂ ਖ਼ਤਮ ਹੋ ਗਈ ਹੈ।ਇਹ ਜ਼ਰੂਰੀ ਨਹੀਂ ਕਿ ਤੁਸੀਂ ਆਜ਼ਾਦੀ ਦੀ ਜੰਗ ਸਿਰਫ਼ ਹਥਿਆਰਾਂ ਨਾਲ ਹੀ ਲੜਨੀ ਹੁੰਦੀ ਹੈ। ਆਜ਼ਾਦੀ ਦੀ ਚਿਣਗ,ਆਜ਼ਾਦੀ ਦੇ ਅਹਿਸਾਸ ਨੂੰ ਜਗਾਈ ਰੱਖ ਕੇ ਸੁਲ੍ਹਘਦੀ ਰੱਖੀ ਜਾ ਸਕਦੀ ਹੈ,ਜਿਹੜੀ ਇੱਕ ਨਾ ਇੱਕ ਦਿਨ ਭਾਂਬੜ ਜ਼ਰੂਰ ਬਣਦੀ ਹੈ। ਇਹ ਇਤਿਹਾਸ ਦਾ ਸਿੱਟਾ ਹੈ। ਬਾਬਾ ਬੰਦਾ ਸਿੰਘ ਬਹਾਦਰ ਨੇ ਜੇ 800 ਸਾਲ ਦੀ ਮੁਗ਼ਲ ਹਕੂਮਤ ਨੂੰ ਜੜ੍ਹੋਂ ਪੁੱਟ ਕੇ ਵਗਾਹ ਮਾਰਿਆ ਸੀ ਤਾਂ ਉਸ ਦੇ ਪਿੱਛੇ ਸਿੱਖਾਂ 'ਚ ਆਜ਼ਾਦੀ ਦੀ ਪ੍ਰਾਪਤੀ ਦੀ ਚਿਣਗ ਦੇ ਭਾਂਬੜ 'ਚ ਬਦਲ ਜਾਣ ਦਾ ਸਭ ਤੋਂ ਵੱਧ ਯੋਗਦਾਨ ਰਿਹਾ ਸੀ ।ਅਸੀਂ ਰੋਜ਼ਾਨਾ ਸੁਣਦੇ ਵੀ ਹਾਂ ਤੇ ਪੜ੍ਹਦੇ ਵੀ ਹਾਂ ਕਿ ਜਿਹੜੀਆਂ ਕੌਮਾਂ ਆਪਣਾ ਇਤਿਹਾਸ ਭੁੱਲ ਜਾਂਦੀਆਂ ਹਨ ਆਪਣਾ ਵਿਰਸਾ ਭੁੱਲ ਜਾਂਦੀਆਂ ਹਨ,ਉਹ ਕੌਮਾਂ, ਇਸ ਧਰਤੀ ਤੋਂ ਵੀ ਮਿਟ ਜਾਂਦੀਆਂ ਹਨ। ਅੱਜ ਦਸ਼ਮੇਸ਼ ਪਿਤਾ ਦਾ ਸਾਜਿਆ ਖ਼ਾਲਸਾ, ਜਿਸ ਨੂੰ 'ਸਿਰਦਾਰੀ 'ਬਖ਼ਸ਼ੀ ਗਈ ਸੀ,ਉਹ ਐਨਾ ਨਿਮਾਣਾ ,ਨਿਤਾਣਾ ਕਿਵੇਂ ਹੋ ਗਿਆ ਹੈ ਕਿ ਆਪਣੇ ਸ਼ਾਨਾਂਮੱਤੇ ਵਿਰਸੇ 'ਤੇ ਮਾਣ ਕਰਨ ਜੋਗਾ ਵੀ ☞




TRUTH IS THE HIGHEST OF ALL THINGS: HIGHER STILL IS TRUTHFUL LIVING- GURU NANAK DEV JI

AKALI SINGH SIKH SOCIETY

ਦੇਗ ਤੇਗ ਫ਼ਤਿਹ

1890- SKEENA STREET, VANCOUVER, B.C., CANADA
PHONE (604) 254-2117, FAX: (604) 254-5309

ਪੰਥ ਕੀ ਜੀਤ

www.akalisinghgurdwara.ca

2 ਜੂਨ, ਦਿਨ ਸ਼ੁੱਕਰਵਾਰ.....ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।
3 ਜੂਨ, ਦਿਨ ਸ਼ਨਿੱਚਰਵਾਰ..ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।
4 ਜੂਨ, ਦਿਨ ਐਤਵਾਰ......ਸਵੇਰੇ 9:00 ਵਜੇ ਤੋਂ 12:00 ਵਜੇ ਤੱਕ 1984 ਜੂਨ ਦੇ ਘੱਲੂਘਾਰੇ ਦੌਰਾਨ ਸ਼ਹੀਦ ਹੋਏ ਪ੍ਰਾਣੀਆਂ ਦੀ ਯਾਦ ਵਿੱਚ ਦੀਵਾਨ ਸਜਣਗੇ ਅਤੇ ਲੰਗਰ ਵੀ ਹੋਵੇਗਾ।
4 ਜੂਨ, ਦਿਨ ਐਤਵਾਰ......ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਅਤਰ ਸਿੰਘ ਜਾਗਰ ਅਤੇ ਪਰਿਵਾਰ ਵਲੋਂ ਹੋਵੇਗੀ।
8 ਜੂਨ, ਦਿਨ ਵੀਰਵਾਰ......ਸਵੇਰ ਨੂੰ ਅਨੰਦ ਕਾਰਜ ਹੋਵੇਗਾ।
9 ਜੂਨ, ਦਿਨ ਸ਼ਨਿੱਚਰਵਾਰ..ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।
10 ਜੂਨ, ਦਿਨ ਸ਼ਨਿੱਚਰਵਾਰ.ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।
11 ਜੂਨ, ਦਿਨ ਐਤਵਾਰ.....ਸਵੇਰ ਨੂੰ ਨੰਬਰ ਦੋ ਦਰਬਾਰ ਹਾਲ ਵਿਚ ਅਨੰਦ ਕਾਰਜ ਹੋਵੇਗਾ।
11 ਜੂਨ, ਦਿਨ ਐਤਵਾਰ.....ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਮਕੰਦ ਸਿੰਘ ਰਾਏ ਪਰਿਵਾਰ ਵਲੋਂ ਹੋਵੇਗੀ।

ਹਰ ਬੁੱਧਵਾਰ ਬੀਬੀਆਂ ਵਲੋਂ ਸੁਖਮਨੀ ਸਾਹਿਬ ਦਾ ਪਾਠ ਸਵੇਰੇ 10:00 ਵਜੇ ਤੋਂ 12:30 ਵਜੇ ਤੱਕ ਕੀਤਾ ਜਾਂਦਾ ਹੈ।
ਹਰ ਮੰਗਲਵਾਰ ਅਤੇ ਵੀਰਵਾਰ ਸ਼ਾਮ ਨੂੰ 7:00 ਵਜੇ ਤੋਂ 8:00 ਵਜੇ ਤੱਕ ਯੋਗਾ ਦੀਆਂ ਕਲਾਸਾਂ ਲੱਗਦੀਆਂ ਹਨ। ਪੰਜਾਬੀ ਦੀਆਂ ਕਲਾਸਾਂ ਵੀ ਸ਼ੁਰੂ ਹੋ ਚੁੱਕੀਆਂ ਹਨ।

ਗੁਰਦੁਆਰਾ ਸਾਹਿਬ ਸਵੇਰੇ 5 ਵਜੇ ਤੋਂ ਸ਼ਾਮ 7:30 ਵਜੇ ਤੱਕ ਖੁੱਲ੍ਹਾ ਰਹੇਗਾ। ਸਵੇਰੇ ਨਿੱਤ ਨੇਮ ਤੇ ਸ਼ਾਮ ਨੂੰ ਰਹਿਰਾਸ ਦਾ ਪ੍ਰੋਗਰਾਮ ਹੋਵੇਗਾ। ਸੋਮਵਾਰ ਤੋਂ ਸ਼ਨਿੱਚਰਵਾਰ ਤੱਕ ਸਵੇਰੇ 10:00 ਵਜੇ ਤੋਂ 11:00 ਵਜੇ ਤੱਕ ਕੀਰਤਨ ਹੁੰਦਾ ਹੈ ਅਤੇ ਐਤਵਾਰ ਨੂੰ ਸਵੇਰੇ 9:30 ਵਜੇ ਤੋਂ 11:30 ਵਜੇ ਤੱਕ ਦਿਵਾਨ ਸਜਾਏ ਜਾਂਦੇ ਹਨ।

ਹੋਰ ਜਾਣਕਾਰੀ ਲਈ ਤੁਸੀਂ ਹੇਠ ਲਿਖੇ ਫੋਨ ਨੰਬਰਾਂ 'ਤੇ ਕਾਲ ਕਰ ਸਕਦੇ ਹੋ।
ਪਿਆਰਾ ਸਿੰਘ ਬੱਸਨ: 604-254-2117, 604-254-3572, 604-325-0891

ਸੰਗਤਾਂ ਦੇ ਦਾਸ: ਪ੍ਰਬੰਧਕ ਕਮੇਟੀ, ਅਕਾਲੀ ਸਿੰਘ ਸਿੱਖ ਸੁਸਾਇਟੀ    ਗੁਰਦੁਆਰਾ ਸਾਹਿਬ ਦਾ ਫੋਨ ਨੰਬਰ: (604) 254-2117

# ਅਦਾਲਤ ਹੀ ਦੱਸੇ, ਬੰਦੀ ਸਿੰਘਾਂ ਦੀ ਰਿਹਾਈ ਕਿਵੇਂ ਕਰਵਾਈ ਜਾਵੇ?

ਦਲੀਲ ਦੀ ਖ਼ਾਤਰ ਮੰਨ ਲੈਂਦੇ ਹਾਂ ਕਿ ਅਦਾਲਤ ਸਹੀ ਹੈ ਤੇ ਬੰਦੀ ਸਿੰਘਾਂ ਨੂੰ ਰਿਹਾ ਕਰਵਾਉਣ ਦਾ ਇਹ

ਨਹੀਂ ਰਿਹਾ। ਬਾਬਾ ਬੰਦਾ ਸਿੰਘ ਬਹਾਦਰ ਨੇ ਤਾਂ ਇਸ ਧਰਤੀ ‘ਤੇ ਖ਼ਾਲਸਾ ਰਾਜ ਦੇ ਰੂਪ ‘ਚ ਦੁਨੀਆਂ ਦਾ ਪਹਿਲਾ ਲੋਕਤੰਤਰੀ ਸਿਸਟਮ ਸਥਾਪਿਤ ਕੀਤਾ ਸੀ ਅਤੇ ਇਸ ਖ਼ਾਲਸਾ ਰਾਜ ਵਿੱਚ ਆਮ ਬੰਦੇ ਨੂੰ ਸਹੀ ਅਰਥਾਂ ਵਿੱਚ ਰਾਜ-ਭਾਗ ਦਾ ਮਾਲਕ ਬਣਾਇਆ ਗਿਆ ਸੀ। ਅਜਿਹੇ ਖ਼ਾਲਸਾ ਰਾਜ ਦੀ ਵਡਿਆਈ ਨੂੰ ਦੁਨੀਆਂ ਤੱਕ ਪਹੁੰਚਾਉਣਾ ਤਾਂ ਸਿੱਖ ਪੰਥ ਦੇ ਮਹਾਨ ਸਿਧਾਂਤਾਂ ਦੇ ਪ੍ਰਚਾਰ ਲਈ ਵੀ ਜ਼ਰੂਰੀ ਹੈ। ਪ੍ਰੰਤੂ ਪਤਾ ਨਹੀਂ ਕਿਉਂ ਅਸੀਂ ਆਪਣੇ ਪਲੇਠੇ ਖ਼ਾਲਸਾ ਰਾਜ ਨੂੰ ਭੁੱਲਣ ਵਾਲੇ ਕੁਰਾਹੇ ਕਿਉਂ ਪੈ ਗਏ ਹਾਂ ? ਸਾਨੂੰ ਇਸ ਦਿਨ ਇਹ ਵੀ ਯਾਦ ਰੱਖਣਾ ਜ਼ਰੂਰੀ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਦੀ ਫੌਜੀ ਸ਼ਕਤੀ, ਵਿਰੋਧੀ ਤਾਕਤਾਂ ਤੋਂ ਕਿਤੇ ਘੱਟ ਸੀ, ਪ੍ਰੰਤੂ ਜ਼ਜ਼ਬਾ ਠਾਠਾਂ ਮਾਰਦਾ ਸੀ, ਉਸੇ ਜ਼ਜ਼ਬੇ ਸਦਕਾ ਮੁ਼ਗਲ ਹਕੂਮਤ ਨੂੰ ਮਲੀਆਮੇਟ ਕਰ ਦਿੱਤਾ ਸੀ। ਆਜ਼ਾਦੀ ਦਾ ਜ਼ਜ਼ਬਾ, ਆਜ਼ਾਦੀ ਦੀ ਚਿਣਗ ਜਿਊਂਦੀਆਂ ਜਾਗਦੀਆਂ ਕੌਮਾਂ ‘ਚ ਕਦੇ ਮਰਦੀ ਨਹੀਂ। ਜਿਹੜੀਆਂ ਕੌਮਾਂ ‘ਚ ਇਹ ਚਿਣਗ ਸੁਲਘਦੀ ਰਹਿੰਦੀ ਹੈ ਉਹ ਇੱਕ ਨਾ ਇੱਕ ਦਿਨ ਆਪਣੀ ਮੰਜ਼ਿਲ ਦੀ ਪ੍ਰਾਪਤੀ ਕਰ ਵੀ ਲੈਂਦੀਆਂ ਹਨ। ਦੁਨੀਆਂ ਦਾ ਸ਼ਾਨਾਂਮੱਤਾ ਵਿੱਲਖਣ ਇਤਿਹਾਸ ਸਿਰਜਣ ਵਾਲੀ ਕੌਮ, ਜੇ ਆਪਣੇ ਇਤਿਹਾਸ ਨੂੰ ਭੁੱਲਣ, ਵਿਸਰਨ ਲੱਗ ਜਾਵੇ ਤਾਂ ਫਿਰ ਉਸ ਕੌਮ ਦੇ ਜਿਊਂਦੀ ਜਾਗਦੀ ਹੋਣ ‘ਤੇ ਸ਼ੰਕੇ ਖੜ੍ਹੇ ਹੋਣੇ ਵੀ ਸੁਭਾਵਿਕ ਹਨ। ਸਾਨੂੰ ਹੈਰਾਨੀ ਤਾਂ ਇਸ ‘ਤੇ ਵੀ ਹੋਈ ਕਿ ਨਿੱਕੀ-ਨਿੱਕੀ ਬਾਤ ਦਾ ਬਤੰਗੜ ਬਣਾਉਣ ਵਾਲੇ ਸ਼ੋਸ਼ਲ ਮੀਡੀਏ ਨੂੰ ਦਰਬਾਰ-ਏ-ਖ਼ਾਲਸਾ ਦਾ ਦਿਨ ਯਾਦ ਹੀ ਨਹੀਂ ਆਇਆ ? ਕੀ ਸਿਰਫ਼ ਸਿੱਖਾਂ ਵੱਲੋਂ ਸਿੱਖਾਂ ਦੀ ਪੱਗ ਲਾਹੁਣਾ ਹੀ ਇੱਕੋ-ਇੱਕ ਮੁੱਦਾ ਬਾਕੀ ਰਹਿ ਗਿਆ ਹੈ ? ਕੌਮ ਦੇ ਮਹਾਨ ਵਿਰਸੇ ਨਾਲ ਜੁੜੇ, ਮਹਾਨ ਮੁੱਦੇ ਸਾਨੂੰ ਯਾਦ ਹੀ ਨਹੀਂ ਆਉਂਦੇ। ਖ਼ੈਰ ! ਸਾਡੇ ਆਗੂਆਂ ਨੇ ਅੱਜ ਤੱਕ ਕੌਮ ਦੀ ਆਨ-ਸ਼ਾਨ ਦੇ ਪ੍ਰਤੀਕ ਅਜਿਹੇ ਦਿਹਾੜਿਆਂ ਨੂੰ ਹੁਣ ਤੱਕ ਜਾਣਬੁੱਝ ਕੇ ਹੀ ਅਣਗੌਲਿਆਂ ਕਰੀ ਰੱਖਿਆ ਹੈ ?ਜਿਸ ਸਦਕਾ ਹੀ ਸਾਡੀ ਨਵੀਂ ਪੀੜ੍ਹੀ ਵੀ ਇਨ੍ਹਾਂ ਮਹਾਨ ਇਤਿਹਾਸਕ ਦਿਹਾੜਿਆ ਦੀ ਮਹਾਨਤਾ ਤੋਂ ਅਨਜਾਣੀ ਬਣ ਗਈ ਹੈ। ਅਸੀਂ ਨਵੀਂ ਪੀੜ੍ਹੀ ਨੂੰ ਕੌਮ ਦੇ ਮਹਾਨ ਵਿਰਸੇ ਅਤੇ ਇਤਿਹਾਸ ਪ੍ਰਤੀ ਜਾਗਰੂਕ ਹੋਣ ਦੀ ਅਪੀਲ ਜ਼ਰੂਰ ਕਰਾਂਗੇ। ਇਹ ਪੀੜ੍ਹੀ ਹੀ ਇਸ ਵਿਰਸੇ ਦੀ ਅਸਲ ਵਾਰਿਸ ਹੈ,ਕਿਉਂਕਿ ਜਾ ਰਹੀ ਪੀੜ੍ਹੀ ‘ਚੋਂ ਤਾਂ ਸਿੱਖ ਦੁਸ਼ਮਣ ਤਾਕਤਾਂ ਨੇ ਸਿੱਖੀ ਦੇ ਜ਼ਜ਼ਬੇ ਦੀ ਚਿਣ਼ਗ ਨੂੰ ਸੁਆਰਥ-ਪਦਾਰਥ,ਲੋਭ-ਲਾਲਸਾ ਤੇ ਹਊਮੈ-ਈਰਖ਼ਾ ਦੀ ਸੁਆਹ ਨਾਲ ਠੰਡਾ ਕਰ ਛੱਡਿਆ ਹੈ।

**-ਜਸਪਾਲ ਸਿੰਘ ਹੇਰਾਂ**

ਰਸਤਾ ਸਹੀ ਨਹੀਂ ਪਰ ਕੀ ਅਦਾਲਤ ਉਸ ਰਸਤੇ ਵਲ ਇਸ਼ਾਰਾ ਕਰ ਸਕਦੀ ਹੈ ਜਿਸ ਨਾਲ ਬੰਦੀ ਸਿੰਘ ਵੀ ਰਿਹਾਅ ਹੋ ਸਕਣ ਤੇ ਪੰਜਾਬ ਦੇ ਮਸਲਿਆਂ ਨੂੰ ਇਸ ਸੋਚ ਨਾਲ ਸੁਲਝਾਇਆ ਜਾਵੇ ਜਿਸ ਨਾਲ ਪੰਜਾਬੀਆਂ ਨੂੰ ਮਹਿਸੂਸ ਹੋਵੇ ਕਿ ਉਹ ਵੀ ਇਸ ਦੇਸ਼ ਦਾ ਇਕ ਹਿੱਸਾ ਹਨ - ਅਜਿਹਾ ਹਿੱਸਾ ਜਿਸ ਨੂੰ ਬਰਾਬਰੀ ਵਾਲਾ ਅਪਣਾਪਨ ਤੇ ਬਰਾਬਰ ਦਾ ਸਤਿਕਾਰ ਮਿਲਦਾ ਹੋਵੇ, ਜਿਸ ਦੇ ਯੋਗਦਾਨ ਦਾ ਦੇਸ਼ ਨੂੰ ਅਹਿਸਾਸ ਵੀ ਹੋਵੇ ਤੇ ਦੇਸ਼ ਧਨਵਾਦ ਵੀ ਕਰਦਾ ਹੋਵੇ। ਪੰਜਾਬ ਸਿਰਫ਼ ਇਹੀ ਮੰਗਦਾ ਹੈ ਕਿ ਜਿੰਨਾ ਪਿਆਰ ਗੁਜਰਾਤ, ਮਹਾਰਾਸ਼ਟਰ ਜਾਂ ਹਰਿਆਣੇ ਨੂੰ ਮਿਲਦਾ ਹੈ, ਓਨਾ ਹੀ ਪੰਜਾਬ ਤੇ ਸਿੱਖਾਂ ਨੂੰ ਮਿਲੇ ਕਿਉਂਕਿ ਇਹ ਉਨ੍ਹਾਂ ਦਾ ਹੱਕ ਬਣਦਾ ਹੈ। ਬੇਤਰਸ ਕਾਨੂੰਨ ਦਾ ਡੰਡਾ ਹੀ ਉਨ੍ਹਾਂ ਨੂੰ ਨਾ ਵਿਖਾਇਆ ਜਾਂਦਾ ਰਹੇ ਸਗੋਂ ਇਨਸਾਫ਼, ਨਿਆਂ ਅਤੇ ਅਪਣੇਪਨ ਦੀ ਠੰਢੀ ਹਵਾ ਵੀ ਪੰਜਾਬ ਅਤੇ ਸਿੱਖਾਂ ਤਕ ਪਹੁੰਚਣ ਦਿਤੀ ਜਾਇਆ ਕਰੇ।

ਕੌਮੀ ਇਨਸਾਫ਼ ਮੋਰਚਾ ਸਬੰਧੀ ਹਾਈਕੋਰਟ ਵਿਚ ਦੁਬਾਰਾ ਹੋਈ ਬਹਿਸ ਬਾਰੇ ਸੁਣ ਕੇ ਲਗਦਾ ਹੈ ਕਿ ਅਦਾਲਤ ਇਸ ਬਾਰੇ ਫ਼ੈਸਲੇ ਲੈਣ ਵਿਚ ਹੁਣ ਦੇਰੀ ਕਰਨ ਦੀ ਰੌਂਅ ਵਿਚ ਨਹੀਂ। ਕੌਮੀ ਇਨਸਾਫ਼ ਮੋਰਚੇ ਕਾਰਨ ਨਜ਼ਦੀਕ ਰਹਿਣ ਵਾਲਿਆਂ ਨੂੰ ਮੁਸ਼ਕਲਾਂ ਤਾਂ ਪੇਸ਼ ਆ ਰਹੀਆਂ ਹਨ ਪਰ ਜੇ ਅਸੀ ਉਨ੍ਹਾਂ ਬਾਰੇ ਸੋਚੀਏ ਜੋ ਦਹਾਕਿਆਂ ਤੋਂ ਸਲਾਖ਼ਾਂ ਪਿੱਛੇ ਡੱਕੇ ਹੋਏ ਹਨ ਤਾਂ ਫਿਰ ਇਹ ਮੁਸ਼ਕਲਾਂ ਤਾਂ ਫਿੱਕੀਆਂ ਪੈ ਜਾਂਦੀਆਂ ਹਨ। ਅਦਾਲਤ ਨੂੰ ਵੀ ਸਮਝਣਾ ਚਾਹੀਦਾ ਹੈ ਕਿ ਜੇ ਕਾਨੂੰਨ ਦੇ ਰਾਖਿਆਂ ਅਨੁਸਾਰ, ਇਹ ਤਰੀਕਾ ਸਹੀ ਨਹੀਂ ਤਾਂ ਫਿਰ ਉਹ ਕਿਹੜਾ ਤਰੀਕਾ ਹੈ ਜਿਸ ਰਾਹੀਂ ਬੰਦੀ ਸਿੰਘਾਂ ਦੀ ਰਿਹਾਈ ਦਾ ਰਸਤਾ ਕਢਿਆ ਜਾ ਸਕੇ? ਪਿੱਛੇ ਜਹੇ ਇਕ ਐਸੇ ਸਿੰਘ ਨਾਲ ਗੱਲਬਾਤ ਹੋ ਰਹੀ ਸੀ ਜਿਨ੍ਹਾਂ ਨੇ ਕਿਸੇ ਵਕਤ ਭਾਰਤ ਵਿਰੁਧ ਸਿੱਖਾਂ ਤੇ ਪੰਜਾਬ ਦੀ ਆਵਾਜ਼ ਚੁੱਕਣ ਸਮੇਂ ਪਾਕਿਸਤਾਨ ਦਾ ਸਾਥ ਵੀ ਲਿਆ ਤੇ ਅੱਜ ਉਨ੍ਹਾਂ ਦਾ ਮੰਨਣਾ ਹੈ ਕਿ ਉਹ ਰਸਤਾ ਸਹੀ ਨਹੀਂ ਸੀ। ਉਹ ਅੱਜ ਦੇ ਨੌਜੁਆਨਾਂ ਨੂੰ ਦੇਸ਼ ਵਿਰੁਧ ਨਫ਼ਰਤ ਰੱਖਣ ਤੇ ਪਾਲਣ ਤੋਂ ਰੋਕਣਾ ਚਾਹੁੰਦੇ ਹਨ ਪਰ ਨਾਲ ਇਹ ਵੀ ਆਖਦੇ ਹਨ ਕਿ ਸਰਕਾਰ ਨੇ ਵੀ ਬਹੁਤ ਕੁੱਝ ਗ਼ਲਤ ਕੀਤਾ ਪਰ ਅੱਜ ਵੀ ਸਹੀ ਰਸਤਾ ਕਿਸੇ ਨੂੰ ਨਹੀਂ ਲੱਭ ਰਿਹਾ।

ਸਹੀ ਰਸਤਾ ਕੱਢਣ ਤੋਂ ਪਹਿਲਾਂ ਅੱਜ ਦੀਆਂ ਸਰਕਾਰਾਂ ਨੂੰ ਇਹ ਮੰਨਣਾ ਪਵੇਗਾ ਕਿ ਜਿਨ੍ਹਾਂ ਸਰਕਾਰੀ ਵਧੀਕੀਆਂ ਕਾਰਨ ਸਿੱਖਾਂ ਨੇ ਹਥਿਆਰ ਚੁੱਕੇ ਸਨ, ਉਹ ਵੀ ਘੱਟ ਗ਼ਲਤ ਨਹੀਂ ਸਨ। ਅੱਜ ਵੀ ਵਾਰ ਵਾਰ ਕਦੇ ਹਿਮਾਚਲ ’ਚ ਟੈਕਸ ਲਗਾਉਣ ਦੀ ਗੱਲ ਛੇੜ ਕੇ ਤੇ ਕਦੇ ਹਰਿਆਣਾ ਵਲੋਂ ਵਖਰਾ ਰਸਤਾ ਕੱਢਣ ਦਾ ਰਾਗ ਅਲਾਪ ਕੇ ਅਤੇ ਕਦੇ ਰਾਜਸਥਾਨ ਵਲੋਂ ਵਾਧੂ ਪਾਣੀ ਮੰਗ ਕੇ ਪੰਜਾਬ ਦੇ ਪੁਰਾਣੇ ਜ਼ਖ਼ਮਾਂ ’ਤੇ ਨਮਕ ਛਿੜਕਣਾ ਬਦਸਤੂਰ ਜਾਰੀ ਹੈ। ਜ਼ਖ਼ਮ ਤਾਂ ਸਿਆਸਤਦਾਨਾਂ ਨੇ, ਧੱਕੇ ਨਾਲ, ਪੰਜਾਬ ਦੇ ਪਾਣੀ ਦੀ ਮੁਫ਼ਤ ਵੰਡ ਕਰ ਕੇ, ਬੜੇ ਪੁਰਾਣੇ ਦਿਤੇ ਸਨ ਪਰ ਅੱਜ ਦੇ ਸਿਆਸਤਦਾਨ ਹਰ ਮੌਕੇ ਇਨ੍ਹਾਂ ਜ਼ਖ਼ਮਾਂ ਨੂੰ ਕੁਰੇਦ ਕੇ ਅਪਣਾ ਫ਼ਾਇਦਾ ਲੱਭਣੇ ਲੱਗ ਜਾਂਦੇ ਹਨ ਪਰ ਜ਼ਖ਼ਮਾਂ ਨੂੰ ਭਰਨ ਬਾਰੇ ਕੋਈ ਨਹੀਂ ਸੋਚਦਾ।ਸਿੱਖਾਂ ਦੀ ਵਖਰੀ ਹੋਂਦ ਨੂੰ ਸਵੀਕਾਰਨ ਦੀ



ਬਜਾਏ ਪਿਛਲੇ ਦਰਵਾਜ਼ੇ ਤੋਂ ਸਿੱਖ ਧਰਮ ਦੇ ਆਗੂਆਂ ਨੂੰ ਹੀ ਇਸ ਮਸਲੇ ਤੇ ਪਿੱਛੇ ਹਟਣ ਵਾਸਤੇ ਰਾਜ਼ੀ ਕਰ ਲਿਆ। ਸਿੱਖਾਂ ਤੇ ਪੰਜਾਬ ਦੀ ਕੇਂਦਰ ਨਾਲ ਹੱਕਾਂ ਦੀ ਲੜਾਈ ਨੂੰ ਦੇਸ਼ ਸਾਹਮਣੇ ਸਿੱਖਾਂ ਨੂੰ ਅਤਿਵਾਦੀ ਸਾਬਤ ਕਰਨ ਵਾਸਤੇ ਇਸਤੇਮਾਲ ਕੀਤਾ ਗਿਆ। ਸਰਕਾਰਾਂ ਬਦਲ ਗਈਆਂ ਹਨ ਪਰ ਜਦ ਵੀ ਪੰਜਾਬ ਨੂੰ ਨੀਵਾਂ ਵਿਖਾਉਣਾ ਹੁੰਦਾ ਹੈ, ਤਰੀਕਾ ਇਕੋ ਹੀ ਵਰਤਿਆ ਜਾਂਦਾ ਹੈ। ‘ਖ਼ਾਲਿਸਤਾਨੀ ਭੂਤ’ ਵਿਖਾ ਕੇ ਪੰਜਾਬ ਦੀ ਹਰ ਮੰਗ ਨੂੰ ਦਬਾਇਆ ਜਾਂਦਾ ਹੈ। ਕਿਸਾਨੀ ਸੰਘਰਸ਼ ਵਿਚ ਵੀ ਇਹੀ ਤਰੀਕਾ ਵਰਤਿਆ ਗਿਆ ਤੇ ਵਿਰੋਧੀਆਂ ਨੂੰ ਜਦ ਨੀਵਾਂ ਵਿਖਾਉਣਾ ਸੀ ਤਾਂ ਵੀ ਅੰਮ੍ਰਿਤਪਾਲ ਵਰਗਿਆਂ ਨੂੰ ਵਰਤ ਕੇ ਦੇਸ਼ ਸਾਹਮਣੇ ਪੰਜਾਬ ਵਿਚ ਅਤਿਵਾਦ ਦੀ ਸ਼ੁਰੂਆਤ ਦੀਆਂ ਗੱਲਾਂ ਛੇੜ ਦਿਤੀਆਂ ਗਈਆਂ। ਪਿਛਲੇ ਚਾਰ ਦਹਾਕਿਆਂ ਵਿਚ ਪੰਜਾਬ ਨਾਲ ਐਸੀ ਖੇਡ ਖੇਡੀ ਗਈ ਕਿ ਪੰਜਾਬ ’ਚੋਂ ਅਪਣੀ ਰਾਜਧਾਨੀ, ਅਪਣੇ ਪਾਣੀ, ਅਪਣੀ ਭਾਸ਼ਾ ਦੀ ਮੰਗ ਚੁੱਕਣ ਦੀ ਹਰ ਮੰਗ ਹੀ ਬੰਦ ਹੋ ਗਈ।ਦਲੀਲ ਦੀ ਖ਼ਾਤਰ ਮੰਨ ਲੈਂਦੇ ਹਾਂ ਕਿ ਅਦਾਲਤ ਸਹੀ ਹੈ ਤੇ ਬੰਦੀ ਸਿੰਘਾਂ ਨੂੰ ਰਿਹਾਅ ਕਰਵਾਉਣ ਦਾ ਇਹ ਰਸਤਾ ਸਹੀ ਨਹੀਂ ਪਰ ਕੀ ਅਦਾਲਤ ਉਸ ਰਸਤੇ ਵਲ ਇਸ਼ਾਰਾ ਕਰ ਸਕਦੀ ਹੈ ਜਿਸ ਨਾਲ ਬੰਦੀ ਸਿੰਘ ਵੀ ਰਿਹਾਅ ਹੋ ਸਕਣ ਤੇ ਪੰਜਾਬ ਦੇ ਮਸਲਿਆਂ ਨੂੰ ਇਸ ਸੋਚ ਨਾਲ ਸੁਲਝਾਇਆ ਜਾਵੇ ਜਿਸ ਨਾਲ ਪੰਜਾਬੀਆਂ ਨੂੰ ਮਹਿਸੂਸ ਹੋਵੇ ਕਿ ਉਹ ਵੀ ਇਸ ਦੇਸ਼ ਦਾ ਇਕ ਹਿੱਸਾ ਹਨ - ਅਜਿਹਾ ਹਿੱਸਾ ਜਿਸ ਨੂੰ ਬਰਾਬਰੀ ਵਾਲਾ ਅਪਣਾਪਨ ਤੇ ਬਰਾਬਰ ਦਾ ਸਤਿਕਾਰ ਮਿਲਦਾ ਹੋਵੇ, ਜਿਸ ਦੇ ਯੋਗਦਾਨ ਦਾ ਦੇਸ਼ ਨੂੰ ਅਹਿਸਾਸ ਵੀ ਹੋਵੇ ਤੇ ਦੇਸ਼ ਧਨਵਾਦ ਵੀ ਕਰਦਾ ਹੋਵੇ। ਪੰਜਾਬ ਸਿਰਫ਼ ਇਹੀ ਮੰਗਦਾ ਹੈ ਕਿ ਜਿੰਨਾ ਪਿਆਰ ਗੁਜਰਾਤ, ਮਹਾਰਾਸ਼ਟਰ ਜਾਂ ਹਰਿਆਣੇ ਨੂੰ ਮਿਲਦਾ ਹੈ, ਓਨਾ ਹੀ ਪੰਜਾਬ ਤੇ ਸਿੱਖਾਂ ਨੂੰ ਮਿਲੇ ਕਿਉਂਕਿ ਇਹ ਉਨ੍ਹਾਂ ਦਾ ਹੱਕ ਬਣਦਾ ਹੈ। ਬੇਤਰਸ ਕਾਨੂੰਨ ਦਾ ਡੰਡਾ ਹੀ ਉਨ੍ਹਾਂ ਨੂੰ ਨਾ ਵਿਖਾਇਆ ਜਾਂਦਾ ਰਹੇ ਸਗੋਂ ਇਨਸਾਫ਼, ਨਿਆਂ ਅਤੇ ਅਪਣੇਪਨ ਦੀ ਠੰਢੀ ਹਵਾ ਵੀ ਪੰਜਾਬ ਅਤੇ ਸਿੱਖਾਂ ਤਕ ਪਹੁੰਚਣ ਦਿਤੀ ਜਾਇਆ ਕਰੇ।

-- ਨਿਮਰਤ ਕੌਰ

# ਭਲਵਾਨਾਂ ਨੂੰ ਤਮਗੇ ਗੰਗਾ ’ਚ ਨਾ ਵਹਾਉਣ ਲਈ ਮਨਾਇਆ

ਨਵੀਂ ਦਿੱਲੀ:ਭਾਰਤੀ ਕੁਸ਼ਤੀ ਫੈੱਡਰੇਸ਼ਨ ਦੇ ਪ੍ਰਧਾਨ ਤੇ ਭਾਜਪਾ ਸਾਂਸਦ ਬ੍ਰਿਜ਼ ਭੂਸ਼ਣ ਸ਼ਰਣ ਸਿੰਘ ਦੇ ਖਿਲਾਫ ਕੇਂਦਰ ਸਰਕਾਰ ਵੱਲੋਂ ਠੋਸ ਕਾਰਵਾਈ ਨਾ ਕੀਤੇ ਜਾਣ ਤੋਂ ਨਿਰਾਸ਼ ਹੋ ਕੇ ਆਪਣੇ ਤਮਗੇ ਗੰਗਾ ਨਦੀ ’ਚ ਵਹਾਉਣ ਲਈ ਮੰਗਲਵਾਰ ਹਰਿਦੁਆਰ ਪੁੱਜੇ ਕੌਮਾਂਤਰੀ ਭਲਵਾਨਾਂ ਨੂੰ ਕਿਸਾਨ ਆਗੂ ਨਰੇਸ਼ ਟਿਕੈਤ ਨੇ ਐਨ ਮੌਕੇ ’ਤੇ ਏਨਾ ਸਖਤ ਕਦਮ ਨਾ ਚੁੱਕਣ ਲਈ ਮਨਾ ਲਿਆ। ਟਿਕੈਤ ਨੇ ਤਮਗਿਆਂ ਦੀ ਪੋਟਲੀ ਭਲਵਾਨਾਂ ਤੋਂ ਲੈ ਕੇ ਕਿਹਾ ਕਿ ਉਹ ਉਨ੍ਹਾ ਨੂੰ ਮਾਮਲਾ ਕਿਸੇ ਤਣ-ਪੱਤਣ ਲਾਉਣ ਲਈ ਪੰਜ ਦਿਨ ਦਾ ਸਮਾਂ ਦੇਣ। ਇਸ ਤੋਂ ਬਾਅਦ ਭਲਵਾਨ ਗੰਗਾ ਦੇ ਘਾਟ ਤੋਂ ਪਰਤ ਗਏ।ਇਸ ਤੋਂ ਪਹਿਲਾਂ ਨਾਮੀ ਭਲਵਾਨ ਬਜਰੰਗ ਪੂਨੀਆ, ਸਾਕਸ਼ੀ ਮਲਿਕ ਅਤੇ ਵਿਨੇਸ਼ ਫੋਗਾਟ ਨੇ ਕਿਹਾ ਸੀ ਕਿ ਉਹ ਸ਼ਾਮ 6 ਵਜੇ ਹਰਿਦੁਆਰ ’ਚ ਗੰਗਾ ’ਚ ਆਪਣੇ ਸਾਰੇ ਕੌਮਾਂਤਰੀ ਤੇ ਉਲੰਪਿਕ ਤਮਗਿਆਂ ਨੂੰ ਸੁੱਟ ਦੇਣਗੇ। ਬਜਰੰਗ ਪੂਨੀਆ ਨੇ ਟਵੀਟ ’ਚ ਕਿਹਾ ਕਿ ਤਮਗੇ ਉਨ੍ਹਾਂ ਦੀ ਜਾਨ ਤੇ ਆਤਮਾ ਹਨ ਤੇ ਇਨ੍ਹਾਂ ਤੋਂ ਬਗੈਰ ਜ਼ਿੰਦਗੀ ਕੁਝ ਵੀ ਨਹੀਂ। ਇਸ ਲਈ ਤਮਗੇ ਗੰਗਾ ’ਚ ਸੁੱਟਣ ਬਾਅਦ ਉਹ ਇੰਡੀਆ ਗੇਟ ’ਤੇ ਮਰਨ ਵਰਤ ’ਤੇ ਬੈਠਣਗੇ। ਦੇਸ਼ ਦੇ ਸ਼ਹੀਦਾਂ ਦੀ ਯਾਦਗਾਰ ’ਤੇ ਆਪਣੇ ਪ੍ਰਾਣ ਤਿਆਗ ਦੇਣਗੇ। ਉਸ ਨੇ ਕਿਹਾ ਅਪਵਿੱਤਰ ਤੰਤਰ ਆਪਣਾ ਕੰਮ ਕਰ ਰਿਹਾ ਹੈ ਤੇ ਉਹ ਆਪਣਾ। ਹੁਣ ਦੇਸ਼ ਦੀ ਜਨਤਾ ਨੇ ਫੈਸਲਾ ਕਰਨਾ ਹੈ ਕਿ ਉਸ ਨੇ ਧੀਆਂ ਨਾਲ ਖੜ੍ਹਨਾ ਹੈ ਜਾਂ ਸਫੈਦਪੋਸ਼ ਤੰਤਰ ਨਾਲ।


**ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ**

www.singhsabhasurrey.com

8115, 132 ਸਟਰੀਟ, ਸਰੀ, ਬੀ.ਸੀ. V3W 4N5

**ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ**

ਸਵੇਰੇ
ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ: 4.00 ਵਜੇ
ਸਹਿਜ ਪਾਠ:4.30-6.00 ਵਜੇ
ਆਸਾ ਕੀ ਵਾਰ: 6.00-7.45
ਅਰਦਾਸ/ਹੁਕਮਨਾਮਾ:7.45-8.00 ਵਜੇ
ਕਥਾ ਹੁਕਮਨਾਮਾ: 8:00-8:30 ਵਜੇ
ਕੀਰਤਨ:8.30-9.40 ਵਜੇ
ਕਥਾ:9.40-10.30 ਵਜੇ
ਢਾਡੀ:10.30-11.30
ਸਮਾਪਤੀ
ਸ਼ਾਮ ਦੇ ਦੀਵਾਨ
ਚੌਂਕੀ ਸੋਦਰ: 4.30-5.00
ਪਾਠ ਸੋਦਰ:5.00-5.30
ਗੁਰਬਾਣੀ ਕੀਰਤਨ:5.30-6.40
ਕਥਾ:6.40-7.15
ਢਾਡੀ:7.15-8.00
ਸਮਾਪਤੀ

**ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ**

ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ:
ਹਰ ਮੰਗਲਵਾਰ 11.30 ਤੋਂ 1.30 ਵਜੇ ਤੱਕ

**ਇਸ ਹਫਤੇ ਦੇ ਪ੍ਰੋਗਰਾਮ**

ਇਸ ਹਫ਼ਤੇ ਗੁਰਦੁਆਰਾ ਸਾਹਿਬ ਵਿਖੇ ਘੱਲੂਘਾਰਾ ਦਿਵਸ ਜੂਨ 1984 ਦੇ ਹੋਏ ਸ਼ਹੀਦ ਸਿੰਘ ਸਿੰਘਣੀਆਂ ਅਤੇ ਬੱਚਿਆਂ ਦੀ ਯਾਦ ਵਿਚ ਮਨਾਇਆ ਜਾਵੇਗਾ ਅਤੇ 2 ਅਖੰਡਪਾਠ ਸਾਹਿਬ ਦੀ ਸੇਵਾ ਹੋਵੇਗੀ:

1. ਨਗਰ ਫੋਲੜੀ ਦੀ ਸੰਗਤ, ਸ੍ਰੀ ਗੁਰੂ ਸਿੰਘ ਸਭਾ ਅਤੇ WSO ਵੱਲੋਂ
2. ਭਾਈ ਹਰਪ੍ਰੀਤ ਸਿੰਘ ਪਰਿਵਾਰ ਵੱਲੋਂ

ਇਹ ਦੋਨੋਂ ਅਖੰਡਪਾਠ ਸਾਹਿਬ 2 ਜੂਨ ਦਿਨ ਸ਼ੁੱਕਰਵਾਰ ਸਵੇਰੇ 9.30 ਵਜੇ ਆਰੰਭ ਹੋਣਗੇ ਅਤੇ ਭੋਗ 4 ਜੂਨ ਦਿਨ ਐਤਵਾਰ ਸਵੇਰੇ 9.30 ਵਜੇ ਪਾਏ ਜਾਣਗੇ।ਉਪਰੰਤ ਖੁੱਲ੍ਹੇ ਦੀਵਾਨ ਸਜਣਗੇ ਜਿਹਨਾਂ ਵਿਚ ਵਿਦਵਾਨ ਸੱਜਣ ਘੱਲੂਘਾਰੇ ਸਬੰਧੀ ਆਪਣੇ ਵੀਚਾਰ ਦੇਣਗੇ, ਗੁਰੂ ਕਾ ਲੰਗਰ ਅਤੁੱਟ ਵਰਤੇਗਾ।



*2 ਜੂਨ ਦਿਨ ਸ਼ੁੱਕਰਵਾਰ ਸਵੇਰੇ 9.30 ਵਜੇ ਕਾਕਾ ਅੰਮ੍ਰਿਤਪਾਲ ਸਿੰਘ ਅਤੇ ਬੱਚੀ ਪ੍ਰਭਲੀਨ ਕੌਰ ਦੇ ਅਨੰਦਕਾਰਜ ਹੋਣਗੇ।

*3 ਜੂਨ ਦਿਨ ਸ਼ਨਿਚਰਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ 3 ਪਰਿਵਾਰਾਂ ਵੱਲੋਂ ਹੋਵੇਗੀ:

1. ਭਾਈ ਜੈਵੀਰ ਸਿੰਘ ਪਰਿਵਾਰ 2. ਬੀਬੀ ਜਸਵਿੰਦਰ ਕੌਰ ਪਰਿਵਾਰ ਵੱਲੋਂ 3. ਭਾਈ ਅਵਤਾਰ ਸਿੰਘ ਪਰਿਵਾਰ ਵੱਲੋਂ

*4 ਜੂਨ ਦਿਨ ਐਤਵਾਰ ਅੰਤਮ ਸਸਕਾਰ ਸਵੇਰੇ 11 ਵਜੇ ਸਵ. ਜਸਵੰਤ ਸਿੰਘ ਰਾਏ ਦਾ ਰਿਵਰ ਸਾਈਡ ਫਿਊਨਰਲ ਹੋਮ ਡੈਲਟਾ ਵਿਖੇ ਹੋਵੇਗਾ, ਉਪਰੰਤ ਗੁਰੂਘਰ ਵਿਖੇ 12.30 ਵਜੇ ਭੋਗ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ।

*4 ਜੂਨ ਦਿਨ ਐਤਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਜਸਕਿੰਦਰ ਸਿੰਘ ਪਰਿਵਾਰ ਵੱਲੋਂ ਆਪਣੇ ਬੇਟੇ ਦੇ ਜਨਮ ਦਿਨ ਦੀ ਖੁਸ਼ੀ ਵਿਚ ਹੋਵੇਗੀ।

**ਵਿਸ਼ੇਸ਼ ਨੋਟ:ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ**

ਕੀਰਤਨੀ ਜਥੇ:ਭਾਈ ਜੋਰਾਵਰ ਸਿੰਘ ਰੁਦਰਪੁਰ ਵਾਲਿਆਂ ਦਾ ਜਥਾ, ਭਾਈ ਅਸ਼ੋਕ ਸਿੰਘ ਦਿੱਲੀ ਵਾਲੇ, ਭਾਈ ਹਰਭਜਨ ਸਿੰਘ ਜਲੰਧਰ ਵਾਲਿਆਂ ਦਾ ਜਥਾ ਕਥਾਵਾਚਕ:ਭਾਈ ਨਛੱਤਰ ਸਿੰਘ ਭਾਂਬੜੀ

**ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ**
**ਫੋਨ:604-590-3232, 604-590-3224**



# ਖੁੱਡੀਆਂ ਤੇ ਬਲਕਾਰ ਸਿੰਘ ਨੂੰ ਵੱਡੇ ਮਹਿਕਮਿਆਂ ਨਾਲ ਨਿਵਾਜਿਆ

ਚੰਡੀਗੜ੍ਹ -ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਮੰਤਰੀ ਮੰਡਲ ਵਿਚ ਬੁੱਧਵਾਰ ਸ਼ਾਮਲ ਹੋਏ ਦੋ ਮੰਤਰੀਆਂ ਨੂੰ ਅਹਿਮ ਅਹੁਦਿਆਂ ਨਾਲ ਨਿਵਾਜਿਆ ਗਿਆ। ਗਵਰਨਰ ਬਨਵਾਰੀ ਲਾਲ ਪੁਰੋਹਿਤ ਨੇ ਗੁਰਮੀਤ ਸਿੰਘ ਖੁੱਡੀਆਂ ਅਤੇ ਬਲਕਾਰ ਸਿੰਘ ਨੂੰ ਨਵੇਂ ਮੰਤਰੀਆਂ ਵਜੋਂ ਸਹੁੰ ਚੁਕਾਈ।60 ਸਾਲਾ ਖੁੱਡੀਆਂ ਮੁਕਤਸਰ ਦੀ ਲੰਬੀ ਸੀਟ ਤੋਂ ਵਿਧਾਇਕ ਹਨ ।ਉਨ੍ਹਾ 2022 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ 'ਚ ਪੰਜ ਵਾਰ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ 11,396 ਵੋਟਾਂ ਦੇ ਫਰਕ ਨਾਲ ਹਰਾਇਆ ਸੀ।ਉਨ੍ਹਾਂ ਨੂੰ ਖੇਤੀਬਾੜੀ ਤੇ ਕਿਸਾਨ ਭਲਾਈ, ਪਸ਼ੂ ਪਾਲਣ, ਮੱਛੀ ਪਾਲਣ, ਡੇਅਰੀ ਵਿਕਾਸ ਮਹਿਕਮਿਆਂ ਤੋਂ ਇਲਾਵਾ ਫੂਡ ਪ੍ਰੋਸੈਸਿੰਗ ਵਿਭਾਗ ਦਿੱਤਾ ਗਿਆ ਹੈ।60 ਸਾਲਾ ਬਲਕਾਰ ਸਿੰਘ ਜਲੰਧਰ ਦੀ ਕਰਤਾਰਪੁਰ ਰਾਖਵੀਂ ਸੀਟ ਤੋਂ ਵਿਧਾਇਕ ਹਨ।ਉਹ ਸਾਬਕਾ ਪੁਲਸ ਅਧਿਕਾਰੀ ਹਨ ਤੇ ਸੇਵਾਮੁਕਤ ਹੋਣ ਤੋਂ ਬਾਅਦ 2021 'ਚ ਆਮ ਆਦਮੀ ਪਾਰਟੀ 'ਚ ਸ਼ਾਮਲ ਹੋਏ ਸਨ।ਉਹ ਪਹਿਲੀ ਵਾਰ ਵਿਧਾਇਕ ਬਣੇ ਹਨ।ਉਨ੍ਹਾ ਨੂੰ ਸਥਾਨਕ ਸਰਕਾਰਾਂ ਤੇ ਸੰਸਦੀ ਮਾਮਲਿਆਂ ਬਾਰੇ ਵਿਭਾਗ ਦਿੱਤੇ ਗਏ ਹਨ।ਖੁੱਡੀਆਂ ਨੂੰ ਮਿਲਿਆ ਖੇਤੀ ਮੰਤਰਾਲਾ ਪਹਿਲਾਂ ਕੁਲਦੀਪ ਸਿੰਘ ਧਾਲੀਵਾਲ ਕੋਲ ਸੀ।ਧਾਲੀਵਾਲ ਤੋਂ ਪੇਂਡੂ ਵਿਕਾਸ ਤੇ ਪੰਚਾਇਤੀ ਰਾਜ ਮੰਤਰਾਲਾ ਵੀ ਲੈ ਕੇ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੂੰ ਦੇ ਦਿੱਤਾ ਗਿਆ ਹੈ।ਧਾਲੀਵਾਲ ਕੋਲ ਹੁਣ ਐੱਨ ਆਰ ਆਈ ਮਾਮਲੇ ਤੇ ਪ੍ਰਸ਼ਾਸਨਕ ਸੁਧਾਰ ਮੰਤਰਾਲੇ ਰਹਿ ਗਏ ਹਨ।


ਬਿਲਨ ਫਾਰਮਜ਼ ਲਿਮਟਡ

ਸਾਨੂੰ ਬੇਰੀ ਤੋੜਨ ਵਾਲੇ
ਵਰਕਰਾਂ ਦੀ ਲੋੜ ਹੈ।




- ਸਟੂਡੇਂਟ ਅਤੇ 15 ਸਾਲ ਤੋਂ ਵੱਧ ਉਮਰ ਵਾਲੇ ਬੱਚੇ ਵੀ ਕੰਮ ਕਰ ਸਕਦੇ ਹਨ।
- ਬੇਰੀ ਤੋੜਨ ਲਈ ਆਪਣੀ ਰਾਈਡ (ਕਾਰ) ਤੇ ਆਉਣ ਵਾਲਿਆਂ ਨੂੰ ਪਹਿਲ ਦਿੱਤੀ ਜਾਵੇਗੀ ਅਤੇ ਤਨਖਾਹ ਵੀ ਵੱਧ ਦਿੱਤੀ ਜਾਵੇਗੀ।
- ਬਾਹਰ ਤੋਂ ਆਉਣ ਵਾਲੇ ਵਰਕਰਾਂ ਲਈ ਫਾਰਮ ਵਿੱਚ ਰਹਿਣ ਦਾ ਵਧੀਆ ਪ੍ਰਬੰਧ ਵੀ ਹੈ ਅਤੇ ਫਾਰਮ ਸਾਫ਼ ਸੁਥਰੇ ਹਨ।
- ਬੇਰੀ ਤੋੜਨ ਵਾਲੇ ਵਰਕਰਾਂ ਨੂੰ ਸ਼ਾਮ 7:30 ਤੋਂ ਪਹਿਲਾਂ ਘਰ ਪਹੁੰਚਾਇਆ ਜਾਵੇਗਾ।
- ਬੇਰੀ ਟੁੱਟਣ ਤੋਂ ਬਾਅਦ ਬੇਰੀ ਕੱਟਣ ਦਾ ਕੰਮ ਵੀ ਚਲੇਗਾ।
- ਸਾਨੂੰ ਕਲਾਸ 4 ਡਰਾਈਵਰਾਂ ਦੀ ਜ਼ਰੂਰਤ ਹੈ।
- ਸਿਹਤ ਸਬੰਧੀ ਸਰਕਾਰੀ ਨਿਯਮਾਂ ਦੀ ਪਾਲਣਾ ਕਰੋ।

ਜਰਨੈਲ ਸਿੰਘ ਬਿਲਨ 604-250-2703 | ਜਸਵਿੰਦਰ ਬੱਲ 604-230-9506 | ਭੁਪਿੰਦਰ ਕੌਰ ਸਰਾਂ 778-837-4410

ਭਜਨ ਸਿੰਘ 604-726-3405 | ਗੁਰਜੀਤ ਬੋਇਆਲ 604-812-1115 | ਦਵਿੰਦਰ (ਦੀਨਾ) 778-892-4410 | ਤੇਜਵੰਤ ਕੌਰ ਮਾਨ 604-724-5060

Open 24 Hours 7 Days a Week

ATLAS
ANIMAL HOSPITAL





- Animal Dermatology
- Pet Cardiology
- Pet Deworming
- Pet Ear Infection
- Pet Endocrine Diseases
- Pet Eye Infections
- Flea & Tick Control
- Pet Oral Infections
- Pet Allergies
- Pet Anal Gland Expression
- Vaccination
- Dental Cleaning
- Pet Grooming
- Nail Trimming
- Ear Cleaning
- Pet Boarding
- Puppy Training
- Veterinary Diets
- Behavioral Consultation
- Pet Identification
- End of Life

Dr. H. Bhullar
& Associates

Tel: 604-301-0300

5696 Fraser St, Vancouver, BC, V5W 2Z4 www.atlasvetsinvancouver.com

ਸਿਹਤ ਸੰਬੰਧੀ





# ਵਾਲ਼ਾਂ ਦਾ ਝੜਨਾ, ਐਲੋਪੀਸ਼ੀਆ ਅਤੇ ਹੋਮਿਓਪੈਥੀ

ਵਾਲ਼ਾਂ ਦੇ ਟੁੱਟਣ ਜਾਂ ਝੜਨ ਦੀਆਂ ਕਈ ਕਿਸਮਾਂ ਹੁੰਦੀਆਂ ਹਨ ਜਿਨ੍ਹਾਂ ਵਿੱਚੋਂ ਹੇਠ ਲਿਖੀਆਂ ਪ੍ਰਮੁੱਖ ਤੌਰ ’ਤੇ ਦੇਖੀਆਂ ਜਾਂਦੀਆਂ ਹਨ:

1.ਐਲੋਪੀਸ਼ੀਆ ਐਡਨਾਟਾ (Alopecia Adnata): ਜਨਮ ਵੇ਼ਲੇ ਬੱਚੇ ਦੇ ਸਿਰ ਉੱਤੇ ਵਾ਼ਲ ਨਾ ਹੋਣ ਜਾਂ ਜਨਮ ਲੈਣ ਤੋਂ ਬਾਅਦ ਉੱਤਰਦੇ ਹੋਣ। ਬੱਚੇ ਦੀ ਮਾਂ ਜਾਂ ਬੱਚੇ ਦੀ ਖ਼ੁਰਾਕ ਵਿੱਚ ਘਾਟ ਇਸ ਦਾ ਖ਼ਾਸ ਕਾਰਨ ਹੁੰਦਾ ਹੈ। ਖ਼ੁਰਾਕ ਦਾ ਚੰਗੀ ਤਰ੍ਹਾਂ ਹਜ਼ਮ ਨਾ ਹੋਣਾ ਵੀ ਇੱਕ ਕਾਰਨ ਹੋ ਸਕਦਾ ਹੈ।

2.ਐਲੋਪੀਸ਼ੀਆ ਐਰੀਐਟਾ (Alopecia Areata): ਇਸ ਕਿਸਮ ਵਿੱਚ ਵਾ਼ਲ ਚੌੜੇ-ਚੌੜੇ ਅਤੇ ਗੋਲ ਚਟਾਕਾਂ ਵਿੱਚ ਉੱਤਰਦੇ ਹਨ ਅਤੇ ਇਹ ਖ਼ਾਲੀ ਚਟਾਕ ਦਿਨ-ਬ-ਦਿਨ ਵਧਦੇ ਜਾਂਦੇ ਹਨ। ਮਰਦਾਂ ਵਿੱਚ ਸਿਰ ਦੇ ਨਾਲ-ਨਾਲ ਦਾੜ੍ਹੀ ਜਾਂ ਭਰਵੱਟਿਆਂ ਦੇ ਵਾ਼ਲ ਵੀ ਪ੍ਰਭਾਵਿਤ ਹੋ ਸਕਦੇ ਹਨ। ਇਸ ਰੋਗ ਦਾ ਕਾਰਨ ਇੱਕ ਖ਼ਾਸ ਪ੍ਰਕਾਰ ਦੇ ਕਿਟਾਣੂ ਹੁੰਦੇ ਹਨ।

3.ਐਲੋਪੀਸ਼ੀਆ ਪ੍ਰੈਜ਼ੈਨਿਲਿਸ (ਅਲੋਪਏਚਿਓ ਫਰਏਸਏਨਲਿਸਿ): 20 ਤੋਂ 30 ਸਾਲ ਦੀ ਉਮਰ ਵਿੱਚ ਵਾ਼ਲ ਮੱਥੇ ਤੋਂ ਡਿੱਗਣੇ ਸ਼ੁਰੂ ਹੋ ਕੇ ਸਿਰ ਦੇ ਪਿਛਲੇ ਪਾਸੇ ਵੱਲ ਨੂੰ ਉੱਤਰਦੇ ਰਹਿੰਦੇ ਹਨ।

4.ਐਲੋਪੀਸ਼ੀਆ ਸੀਨਾਇਲਿਸ (Alopecia Senilis): 40-50 ਸਾਲ ਦੀ ਉਮਰ ਵਿੱਚ ਕਈਆਂ ਦੇ ਸਿਰ ਵਿੱਚ ਗੰਜ ਪੈਣਾ ਸ਼ੁਰੂ ਹੋ ਜਾਂਦਾ ਹੈ। ਵਾ਼ਲ ਹੌਲੇ-ਹੌਲੇ ਟੁੱਟਣੇ ਸ਼ੁਰੂ ਹੋ ਜਾਂਦੇ ਹਨ। ਵਾ਼ਲਾਂ ਵਿੱਚ ਚਮਕ ਨਹੀਂ ਰਹਿੰਦੀ। ਇਸ ਦੇ ਕਾਰਨ ਖੋਪੜੀ ਦੀ ਚਮੜੀ ਦਾ ਰੋਗ ਜਾਂ ਖੋਪੜੀ ਵਿੱਚ ਲਹੂ-ਚੱਕਰ ਦੀ ਘਾਟ ਆਦਿ ਹੁੰਦੇ ਹਨ।




**ਡਾ. ਸ਼ਵੇਤਾ**
MBBS, MD & DHMS (ONT.)
Abbotsford
(604) 304-2236

**ਡਾ. ਆਰ.ਐੱਸ. ਸੈਣੀ (ਹੋਮਿਓਪੈਥ)**
Surrey
(604) 502-9579



ਬਹੁਤੇ ਵਿਅਕਤੀਆਂ ਵਿੱਚ 50-100 ਵਾ਼ਲ ਹਰ ਰੋਜ਼ ਡਿੱਗਦੇ ਹਨ। ਜਿਸ ਦਿਨ ਸਿਰ ਧੋਣਾ ਹੋਵੇ ਤਾਂ ਵਾ਼ਲਾਂ ਦੇ ਡਿਗਣ ਦੀ ਮਿਕਦਾਰ ਵਧ ਕੇ 200-250 ਤਕ ਹੋ ਸਕਦੀ ਹੈ। ਪਰ ਵਾ਼ਲਾਂ ਨੂੰ ਡਿਗਣ ਤੋਂ ਬਚਾਉਣ ਵਾਸਤੇ ਵਾ਼ਲਾਂ ਨੂੰ ਨਾ ਧੋਣਾ ਕੋਈ ਹੱਲ ਨਹੀਂ ਕਿਉਂਕਿ ਜੇ ਵਾ਼ਲ ਡਿਗਣੇ ਸ਼ੁਰੂ ਹੋਏ ਹਨ ਤਾਂ ਡਿਗਦੇ ਹੀ ਰਹਿਣਗੇ, ਜਦੋਂ ਤਕ ਕੋਈ ਢੁਕਵਾਂ ਹੱਲ ਨਹੀਂ ਲੱਭ ਲਿਆ ਜਾਂਦਾ। ਔਰਤਾਂ ਦੇ ਕੇਸ ਵਿੱਚ ਵਾ਼ਲਾਂ ਦੇ ਝੜਨ ਬਾਰੇ ਸਵੇਰੇ ਜਾਗਣ ਵੇ਼ਲੇ ਉਨ੍ਹਾਂ ਦੇ ਸਿਰ੍ਹਾਣੇ ’ਤੇ ਡਿਗੇ ਹੋਏ ਵਾਧੂ ਵਾ਼ਲਾਂ ਤੋਂ ਪਤਾ ਲਗ ਜਾਂਦਾ ਹੈ ਜਾਂ ਜਦੋਂ ਉਹ ਵਾ਼ਲ ਵਾਹੁੰਦੀਆਂ ਹਨ ਤਾਂ ਕੰਘੇ ਵਿੱਚ ਵਾ਼ਲ ਟੁੱਟ ਕੇ ਫ਼ਸ ਜਾਂਦੇ ਹਨ ਜਿਸ ਤੋਂ ਪਤਾ ਚਲਦਾ ਹੈ ਕਿ ਵਾ਼ਲਾਂ ਦਾ ਝੜਨਾ ਸ਼ੁਰੂ ਹੋ ਚੁੱਕਾ ਹੈ।ਔਰਤਾਂ ਅਤੇ ਮਰਦਾਂ ਦੇ ਸਿਰ ਦੇ ਵਾ਼ਲ ਝੜਨ ਦਾ ਵੀ ਇੱਕ ਅਲੱਗ ਪੈਟ੍ਰਨ ਵੇਖਣ ਵਿੱਚ ਆਉਂਦਾ ਹੈ। ਮਰਦਾਂ ਦੇ ਕੇਸ ਵਿੱਚ ਵਾ਼ਲ ਮੂਹਰੇ ਤੋਂ, ਭਾਵ ਮੱਥੇ ਤੋਂ ਝੜਨੇ ਸ਼ੁਰੂ ਹੋ ਕੇ ਪਿੱਛੇ ਵੱਲ ਨੂੰ ਜਾਂਦੇ ਹਨ ਜਾਂ ਸਿਰ ਦੇ ਵਿਚਾਲੇ ਤੋਂ ਡਿਗਣੇ ਸ਼ੁਰੂ ਹੁੰਦੇ ਹਨ। ਔਰਤਾਂ ਦੇ ਕੇਸ ਵਿੱਚ ਵਾ਼ਲ ਸਿਖਰ ਦੇ 1/3 ਹਿੱਸੇ ਤੋਂ ਲੈ ਕੇ ਹਿੱਸੇ ਤਕ ਡਿਗਦੇ ਹਨ। ਆਮ ਤੌਰ ’ਤੇ ਔਰਤਾਂ ਦੇ ਸਿਰ ਦੇ ਮੂਹਰਲੇ ਵਾ਼ਲ ਠੀਕ ਅਵਸਥਾ ਵਿੱਚ ਰਹਿੰਦੇ ਹਨ। ਵਾ਼ਲਾਂ ਦੇ ਝੜਨ ਦੇ ਪਿੱਛੇ ਜਿੱਥੇ ਕਈ ਤਰ੍ਹਾਂ ਦੇ ਮੈਡੀਕਲ ਕਾਰਨ ਹੋ ਸਕਦੇ ਹਨ, ਜਿਵੇਂ ਥਾਇਰਾਇਡ ਸੰਬੰਧਤ ਰੋਗ, ਖ਼ੂਨ ਦੀ ਘਾਟ, ਪਰਸੂਤ ਦਿਨਾਂ ਵਿੱਚ, ਚਮੜੀ ਰੋਗ ਜਾਂ ਕੋਈ ਆਟੋ-ਇਮਿਊਨ ਵਿਗਾੜ। ਇਨ੍ਹਾਂ ਤੋਂ ਇਲਾਵਾ ਖਾਨਦਾਨੀ ਕਾਰਨ ਵੀ ਵਾ਼ਲਾਂ ਦੇ ਝੜਨ ਵਿੱਚ ਭੂਮਿਕਾ ਨਿਭਾ ਸਕਦੇ ਹਨ। ਤਣਾਅ, ਪਰੇਸ਼ਾਨੀ ਜਾਂ ਕਿਸੇ ਵਜ੍ਹਾ ਕਰਕੇ ਹੋਇਆ ਉਦਾਸੀ ਰੋਗ ਵੀ ਵਾ਼ਲਾਂ ਦੇ ਝੜਨ ਦਾ ਸੰਭਾਵਤ ਕਾਰਨ ਬਣਦਾ ਹੈ। ਕਈ ਕੇਸਾਂ ਵਿੱਚ ਇਹ ਵੀ ਵੇਖਣ ਵਿੱਚ ਆਇਆ ਹੈ ਕਿ ਫ਼ੈਸ਼ਨ ਦੇ ਤੌਰ ’ਤੇ ਸਿੱਧੇ ਵਾ਼ਲਾਂ ਨੂੰ ਕੁੰਡਲਦਾਰ ਕਰਵਾਉਣ ਜਾਂ ਕੁੰਡਲਦਾਰ ਵਾ਼ਲਾਂ ਨੂੰ ਸਿੱਧੇ ਕਰਵਾਉਣ ਦੀ ਪ੍ਰਕਿਰਿਆ ਦੌਰਾਨ ਵਰਤੇ ਗਏ ਕੈਮੀਕਲ ਵੀ ਵਾ਼ਲਾਂ ਦੇ ਝੜਨ ਦੀ ਵਜ੍ਹਾ ਬਣ ਸਕਦੇ ਹਨ।ਵਾ਼ਲਾਂ ਨੂੰ ਝੜਨ ਤੋਂ ਰੋਕਣ ਵਾਸਤੇ ਇਨ੍ਹਾਂ ਦੇ ਡਿਗਣ ਦੇ ਕਾਰਨਾਂ ਨੂੰ ਪਛਾਣਨਾ ਬਹੁਤ ਲਾਜ਼ਮੀ ਹੁੰਦਾ ਹੈ। ਢੁਕਵੇਂ ਇਲਾਜ ਰਾਹੀਂ ਅਤੇ ਚੰਗਾ ਪੌਸ਼ਟਿਕ ਆਹਾਰ ਲੈਣ ਨਾਲ ਇਸ ਸਮੱਸਿਆ ਨੂੰ ਕਿਸੇ ਹੱਦ ਤਕ ਠੀਕ ਕੀਤਾ ਜਾ ਸਕਦਾ ਹੈ। ਹੋਮਿਓਪੈਥਿਕ ਇਲਾਜ ਪ੍ਰਣਾਲੀ ਵਿੱਚ ਪੀੜ੍ਹਤ ਵਿਅਕਤੀ ਦੇ ਜੀਵਨ ਦੇ ਹਰ ਉਸ ਪਹਿਲੂ ਨੂੰ ਗਹਿਰਾਈ ਨਾਲ ਘੋਖਿਆ ਜਾਂਦਾ ਹੈ ਜੋ ਵਾ਼ਲ ਡਿਗਣ ਦੀ ਵਜ੍ਹਾ ਬਣਦੇ ਹਨ। ਵਿਅਕਤੀ ਦਾ ਜੀਵਨ ਚਿੱਤਰਣ ਸੰਬੰਧੀ ਪੂਰੀ ਜਾਣਕਾਰੀ ਲਈ ਜਾਂਦੀ ਹੈ, ਜਿਵੇਂ ਕਿ ਉਸ ਦਾ ਸੁਭਾਅ, ਖਾਣ-ਪੀਣ ਦੀਆਂ ਆਦਤਾਂ, ਕੰਮ-ਕਾਰ ਦੀ ਕਿਸਮ, ਭੁੱਖ, ਪਿਆਸ, ਨੀਂਦ, ਕਬਜ਼ ਆਦਿ। ਨਾਲ ਹੀ, ਪੀੜ੍ਹਤ ਵਿਅਕਤੀ ਜਿਹੜੇ ਰੋਗਾਂ ਤੋਂ ਗ੍ਰਸਤ ਹੋਵੇ, ਉਨ੍ਹਾਂ ਸਭ ਰੋਗਾਂ ਦਾ ਮੁਲਾਂਕਣ ਵੀ ਕੀਤਾ ਜਾਂਦਾ ਹੈ। ਇੰਝ ਵਿਸਥਾਰਪੂਰਵਕ ਹਿਸਟਰੀ ਲੈਣ ਉਪਰੰਤ ਹੀ ਢੁਕਵੀਂ ਹੋਮਿਓਪੈਥਿਕ ਦਵਾਈ ਦੀ ਚੋਣ ਕੀਤੀ ਜਾ ਸਕਦੀ ਹੈ ਜੋ ਕਿ ਵਿਅਕਤੀ ਦੇ ਪੂਰੇ ਸਿਸਟਮ ਨੂੰ ਸੰਤੁਲਿਤ ਕਰਦਿਆਂ ਝੜਦੇ ਵਾ਼ਲਾਂ ਦੀ ਰੋਕਥਾਮ ਵਿੱਚ ਸਹਾਈ ਹੁੰਦੀ ਹੈ।






# ਹਸਗੁੱਲੇ

*ਡਾਕਟਰ (ਮਰੀਜ਼ ਨੂੰ) ਤੁਹਾਨੂੰ ਆਉਣ ਵਿੱਚ ਦੇਰ ਹੋ ਗਈ ਹੈ।

ਮਰੀਜ਼:- ਕੀ ਹੋਇਆ ਡਾਕਟਰ ਸਾਹਿਬ, ਮੇਰੇ ਕੋਲ ਕਿੰਨਾ ਸਮਾਂ ਰਹਿ ਗਿਆ ਹੈ?

ਡਾਕਟਰ - ਤੁਸੀਂ ਮਰ ਨਹੀਂ ਰਹੇ ਹੋ, 6 ਵਜੇ ਆਉਂਣਾ ਸੀ, 7 ਵਜੇ ਆਏ ਹੋ..

*******

ਇੱਕ ਚੂਹਾ ਸ਼ਰਾਬ ਦੇ ਗਲਾਸ ਵਿੱਚ ਡਿੱਗ ਪਿਆ ...

ਇੱਕ ਬਿੱਲੀ ਉੱਥੋਂ ਲੰਘ ਰਹੀ ਸੀ।

ਚੂਹੇ ਨੇ ਬਿੱਲੀ ਨੂੰ ਕਿਹਾ - ਮੈਨੂੰ ਇੱਥੋਂ ਕੱਢ ਦਿਓ, ਫਿਰ ਭਾਵੇਂ ਇਹ ਮੈਨੂੰ ਖਾ ਲਵੀਂ।

ਬਿੱਲੀ ਨੇ ਗਲਾਸ ਵਿੱਚ ਲੱਤ ਮਾਰ ਕੇ ਗਲਾਸ ਸੁੱਟ ਦਿੱਤਾ।ਚੂਹਾ ਬਾਹਰ ਭੱਜਿਆ ਅਤੇ ਖੁੱਡ ਵਿੱਚ ਵੜ੍ਹ ਗਿਆ।

ਬਿੱਲੀ ਨੇ ਕਿਹਾ - ਝੂਠਾ, ਧੋਖੇਬਾਜ਼, ਤੂੰ ਕਹਿ ਰਿਹਾ ਸੀ ਮੈਨੂੰ ਬਾਹਰ ਕੱਢਦੇ ਫਿਰ, ਭਾਵੇਂ ਖਾ ਲਈਂ!

ਚੂਹਾ:ਮੁਸਕਰਾਇਆ ਅਤੇ ਕਿਹਾ - ਗੁੱਸਾ ਨਾ ਕਰ, ਮੈਂ ਉਸ ਸਮੇਂ ਸ਼ਰਾਬੀ ਸੀ।

*******

ਇੱਕ ਪਿੰਡ ਵਿੱਚ ਹੜ੍ਹ ਆਇਆ ਤਾਂ ਮੀਡੀਆ ਵਾਲੇ ਸਰਪੰਚ ਕੋਲ ਗਏ ਤੇ ਬੋਲੇ, ''ਤੁਹਾਡੇ ਪਿੰਡ ਦੀ ਆਬਾਦੀ ਸਰਕਾਰੀ ਰਜਿਸਟਰ ਵਿੱਚ 500 ਹੈ, ਪਰ ਨਦੀ ਵਿੱਚੋਂ 900 ਲੋਕਾਂ ਨੂੰ ਕੱਢਿਆ ਗਿਆ ਹੈ, ਅਜਿਹਾ ਕਿਵੇਂ?"ਸਰਪੰਚ, ''ਰਜਿਸਟਰ ਦਾ ਹਿਸਾਬ ਸਹੀ ਹੈ, ਗੱਲ ਇਹ ਹੈ ਕਿ ਪਿੰਡ ਵਾਲਿਆਂ ਨੇ ਕਦੇ ਹੈਲੀਕਾਪਟਰ ਨਹੀਂ ਦੇਖਿਆ, ਫੌਜੀ ਇਨ੍ਹਾਂ ਨੂੰ ਕਿਨਾਰੇ ਉੱਤੇ ਲੈ ਕੇ ਆਉਂਦੇ ਹਨ ਤੇ ਇਹ ਹੈਲੀਕਾਪਟਰ ਵਿੱਚ ਚੜ੍ਹਨ ਲਈ ਫਿਰ ਪਾਣੀ ਵਿੱਚ ਛਾਲ ਮਾਰ ਦਿੰਦੇ ਹਨ।"

*******

ਮੰਗਤਾ,''ਸਾਬ੍ਹ, 20 ਰੁਪਏ ਦਿਓ ਨਾ, ਕੌਫ਼ੀ ਪੀਣੀ ਹੈ।''

ਆਦਮੀ,''...ਪਰ ਕੌਫ਼ੀ ਤਾਂ 10 ਰੁਪਏ ਦੀ ਆਉਂਦੀ ਹੈ।''

ਭਿਖਾਰੀ, ''ਮੇਰੀ ਗਰਲ ਫਰੈਂਡ ਵੀ ਨਾਲ ਹੈ ਨਾ।''

ਆਦਮੀ, ''ਓਏ! ਮੰਗਤਾ ਹੋ ਕੇ ਤੂੰ ਗਰਲ ਫਰੈਂਡ ਵੀ ਬਣਾਈ ਹੈ।''

ਭਿਖਾਰੀ, ''ਨਹੀਂ ਜੀ, ਗਰਲ ਫਰੈਂਡ ਨੇ ਮੈਨੂੰ ਭਿਖਾਰੀ ਬਣਾ ਦਿੱਤਾ ਹੈ।''

*******

ਪੱਪੂ, ''ਯਾਰ! ਉਹ ਲੜਕੀ ਮੈਨੂੰ ਬੋਲ਼ੀ ਲੱਗਦੀ ਹੈ?"

ਚੰਪੂ, ''ਕਿਉਂ ਕੀ ਗੱਲ?"

ਪੱਪੂ, ''ਯਾਰ! ਕੱਲ੍ਹ ਮੈਂ ਉਸ ਨੂੰ 'ਆਈ ਲਵ ਯੂ' ਕਿਹਾ ਤੇ ਅੱਗੋਂ ਕਹਿੰਦੀ 'ਕੱਲ੍ਹ ਹੀ ਨਵੇਂ ਸੈਂਡਲ ਖਰੀਦੇ ਹਨ'।"

*******

ਸੋਨੂੰ (ਮੋਨੂੰ ਨੂੰ), ''ਤੈਨੂੰ ਪਤਾ ਹੈ ਕਿ ਵਿਆਹੇ ਲੋਕ ਅਖ਼ਬਾਰ ਵਿੱਚ ਆਪਣਾ ਰਾਸ਼ੀਫਲ ਨਹੀਂ ਦੇਖਦੇ।''

ਮੋਨੂੰ, ''ਅਜਿਹਾ ਕਿਉਂ?''

ਸੋਨੂੰ, ''ਅਜਿਹੇ ਲੋਕ ਪਤਨੀ ਦਾ ਚਿਹਰਾ ਦੇਖ ਕੇ ਹੀ ਸਮਝ ਲੈਂਦੇ ਹਨ ਕਿ ਦਿਨ ਕਿਵੇਂ ਦਾ ਲੰਘੇਗਾ।''

*******

ਪਿਓ-ਪੁੱਤਰ 5 ਤੋਂ ਬਾਅਦ ਕੀ ਆਉਂਦਾ ਹੈ?

ਪੁੱਤਰ:6 ਅਤੇ 7 ਪਾਪਾ!

ਪਿਤਾ:ਸ਼ਾਬਾਸ਼ ਬੇਟਾ ਮੈਂ ਬਹੁਤ ਖੁਸ਼ ਹਾਂ

6, 7 ਤੋਂ ਬਾਅਦ ਕੀ ਆਉਂਦਾ ਹੈ!

ਪੁੱਤਰ - 8, 9, 10

ਪਿਤਾ: ਅਤੇ ਉਸ ਤੋਂ ਬਾਅਦ?

ਪੁੱਤਰ:ਅਤੇ ਫਿਰ ਗੁਲਾਮ, ਬੇਗਮ ਤੇ ਬਾਦਸ਼ਾਹ!

*******

ਇੱਕ ਭਿਖਾਰੀ ਨੂੰ 100 ਦਾ ਨੋਟ ਮਿਲਿਆ।ਉਸ ਨੇ ਪੰਜ ਤਾਰਾ ਹੋਟਲ ਵਿੱਚ ਜਾ ਕੇ ਰੱਜ ਕੇ ਖਾਣਾ ਖਾਧਾ।

1500 ਰੁਪਏ ਦਾ ਬਿੱਲ ਆਇਆ ਤਾਂ ਉਸ ਨੇ ਮੈਨੇਜਰ ਨੂੰ ਕਿਹਾ, ਪੈਸੇ ਨਹੀਂ ਹਨ!

ਮੈਨੇਜਰ ਨੇ ਉਸ ਭਿਖਾਰੀ ਨੂੰ ਪੁਲਿਸ ਹਵਾਲੇ ਕਰ ਦਿੱਤਾ।ਭਿਖਾਰੀ ਨੇ ਬਾਹਰ ਜਾ ਕੇ ਪੁਲਿਸ ਨੂੰ 100 ਦਾ ਨੋਟ ਦੇ ਦਿੱਤਾ ਅਤੇ ਘਰ ਚਲਾ ਗਿਆ।ਇਸ ਨੂੰ ਕਹਿੰਦੇ ਹਨ...ਭਾਰਤ ਵਿੱਚ ਰੁਪਏ ਦੀ ਸਹੀ ਵਰਤੋਂ, ਘੱਟ ਖਰਚ ਕੇ ਵੱਧ ਫਾਇਦਾ ਕਮਾਉਣਾ।

*******

ਨੂੰਹ ਨੇ ਆਪਣੇ ਸਹੁਰੇ ਨੂੰ ਕਿਹਾ- ਪਿਤਾ ਜੀ, ਇਲਾਇਚੀ ਖਤਮ ਹੋ ਗਈ, ਤੁਸੀਂ ਲੈ ਕੇ ਆਓਗੇ?

ਸਹੁਰਾ- ਬੇਟਾ ਇਲਾਇਚੀ ਤੇਰੀ ਸੱਸ ਦਾ ਨਾਂ ਹੈ, ਸਾਡੇ ਘਰ ਬਜ਼ੁਰਗਾਂ ਦਾ ਨਾਂ ਨਹੀਂ ਲਿਆਂ ਜਾਂਦਾ।

ਨੂੰਹ: ਪਿਤਾ ਜੀ ਅਗਲੀ ਵਾਰੀ ਖਿਆਲ ਰੱਖਾਂਗੀ!

ਨੂੰਹ - ਪਿਤਾ ਜੀ, ਮਾਂ, ਖਤਮ ਹੋ ਗਈ ਹੈ, ਬਜ਼ਾਰ ਤੋਂ ਲੈ ਆਇਓ!

*******

ਇੱਕ ਵਾਰ ਤਿੰਨ ਮੂਰਖ ਰੇਲਗੱਡੀ ਵਿੱਚ ਸਫ਼ਰ ਕਰ ਰਹੇ ਸਨ ਰਸਤੇ ਵਿੱਚ ਗੱਡੀ ਬਹੁਤ ਦੇਰ ਤੱਕ ਰੁਕੀ ਰਹੀ।ਇਕ ਲੜਕਾ ਬੋਲਿਆ ਲੱਗਦੈ ਡਰਾਈਵਰ ਟਾਇਰ ਵਿੱਚ ਹਵਾ ਭਰ ਰਿਹਾ ਹੈ।

ਦੂਜਾ ਬੋਲਿਆਂ ਹਵਾ ਭਰਨ ਵਿੱਚ ਐਨਾ ਸਮਾਂ ਨਹੀਂ ਲੱਗਦਾ ਜ਼ਰੂਰ ਹੀ ਟਾਇਰ ਵਿੱਚ ਕਿੱਲ ਲੱਗਣ ਕਾਰਨ ਟਾਇਰ ਪੈਂਚਰ ਹੋ ਗਿਆ ਹੋਵੇਗਾ?

ਤੀਜਾ ਲੜਕਾ ਕਹਿੰਦਾ ਕੁਝ ਹੋਰ ਗੱਲ ਲੱਗਦੀ ਹ।ਉਹ ਹੇਠਾਂ ਉਤਰਿਆ ਤੇ ਰੇਲਗੱਡੀ ਦੇ ਪਹੀਏ ਵੇਖਣ ਤੋਂ ਬਾਅਦ ਚੀਕ ਕੇ ਬੋਲਿਆ " ਓਏ ਇਸ ਗੱਡੀ ਦੇ ਤਾਂ ਸਾਰੇ ਟਾਇਰ ਹੀ ਚੋਰੀ ਹੋ ਗਏ ਹਨ!

*********

ਨਰਸ, ''ਸਰ, ਇਸ ਦਾ ਤਾਂ ਅੱਖ ਦਾ ਆਪਰੇਸ਼ਨ ਹੋਇਆ ਹੈ, ਫਿਰ ਸਾਰੀਆਂ ਉਂਗਲਾਂ ਉੱਤੇ ਪਲਸਟਰ ਕਿਉਂ ਲਾ ਰਹੇ ਹੋ?"

ਡਾਕਟਰ, ''...ਤਾਂ ਜੋ ਇਹ ਵਟਸਐਪ ਅਤੇ ਫੇਸਬੁਕ ਨਾ ਚਲਾ ਸਕੇ ਅਤੇ ਇਸ ਦੀਆਂ ਅੱਖਾਂ ਨੂੰ ਆਰਾਮ ਮਿਲੇ।"

*********

ਇੱਕ ਸ਼ਰਾਬੀ ਨੇ ਰਾਤ ਦੇ 12 ਵਜੇ ਸ਼ਰਾਬ ਦੀ ਦੁਕਾਨ ਦੇ ਮਾਲਕ ਨੂੰ ਫੋਨ ਕੀਤਾ ਅਤੇ ਪੁੱਛਣ ਲੱਗਾ, ''ਦੁਕਾਨ ਕਦੋਂ ਖੁੱਲ੍ਹੇਗੀ?"

ਦੁਕਾਨਦਾਰ, ''ਸਵੇਰੇ ਨੌਂ ਵਜੇ।"

ਸ਼ਰਾਬੀ ਨੇ ਥੋੜ੍ਹੀ ਦੇਰ ਬਾਅਦ ਦੁਬਾਰਾ ਦੁਕਾਨਦਾਰ ਨੂੰ ਫੋਨ ਕਰ ਕੇ ਪੁੱਛਿਆ, ''ਦੁਕਾਨ ਕਦੋਂ ਖੁੱਲ੍ਹੇਗੀ?"

ਦੁਕਾਨਦਾਰ, ''ਓਏ, ਤੈਨੂੰ ਕਿੰਨੀ ਵਾਰ ਦੱਸਾਂ ਕਿ ਸਵੇਰੇ ਨੌਂ ਵਜੇ ਖੁੱਲ੍ਹੇਗੀ, ਸਵੇਰ ਨੌਂ ਵਜੇ ਆਵੀਂ ਅਤੇ ਜੋ ਵੀ ਚਾਹੀਦਾ ਹੈ ਲੈ ਜਾਵੀਂ।"

ਸ਼ਰਾਬੀ, ''ਓ ਜਨਾਬ, ਮੈਂ ਦੁਕਾਨ ਦੇ ਅੰਦਰੋਂ ਹੀ ਬੋਲ ਰਿਹਾ ਹਾਂ। ਕੱਲ੍ਹ ਅੰਦਰ ਹੀ ਰਹਿ ਗਿਆ ਸੀ।"

*********

ਬੱਲੂ ਤੇਜ਼ ਰਫਤਾਰ ਨਾਲ ਟਰੱਕ ਚਲਾ ਰਿਹਾ ਸੀ। ਚਲਾਉਂਦੇ ਸਮੇਂ ਉਹ ਸਟੇਅਰਿੰਗ ਛੱਡ ਕੇ ਮੁੱਛਾਂ ਨੂੰ ਤਾਅ ਦੇਣ ਲੱਗਦਾ ਹੈ।

ਚਾਰ ਪੰਜ ਵਾਰ ਉਸ ਦੇ ਅਜਿਹਾ ਕਰਨ ਉੱਤੇ ਨਾਲ ਬੈਠਾ ਨੀਰਜ ਘਬਰਾ ਕੇ ਬੋਲਿਆ, ''ਉਸਤਾਦ, ਤੁਸੀਂ ਸਟੇਅਰਿੰਗ ਸੰਭਾਲੋ, ਤੁਹਾਡੀਆਂ ਮੁੱਛਾਂ ਨੂੰ ਤਾਅ ਦੇਣ ਦਾ ਕੰਮ ਮੈਂ ਸੰਭਾਲ ਲੈਂਦਾ ਹਾਂ।"

*********

ਇੱਕ ਵਿਅਕਤੀ ਨੇ ਬੈਂਕ ਵਿੱਚ ਕਿਹਾ, ''ਕੀ ਕਿਸੇ ਦੀ ਨੋਟਾਂ ਦੀ ਗੱਡੀ ਡਿੱਗੀ ਹੈ ਜਿਸ 'ਤੇ ਰਬੜ ਬੈਂਡ ਚੜ੍ਹਿਆ ਸੀ?"

ਕਈ ਹੱਥ ਖੜ੍ਹੇ ਹੋ ਗਏ, ''ਮੇਰੀ ਡਿੱਗੀ ਹੈ, ਮੇਰੀ ਡਿੱਗੀ ਹੈ।"

''ਠੀਕ ਹੈ।'' ਉਸ ਵਿਅਕਤੀ ਨੇ ਕਿਹਾ, ''ਮੈਨੂੰ ਤਾਂ ਆਹ ਰਬੜ ਬੈਂਡ ਮਿਲਿਆ ਹੈ।"

*********

ਇੱਕ ਵਾਰ ਇੱਕ ਨੇਤਾ ਪਾਗਲਖਾਨੇ ਵਿੱਚ ਗਿਆ। ਉਥੇ ਉਸ ਨੇ ਦੇਖਿਆ ਕਿ ਸਾਰੇ ਪਾਗਲ ਇਧਰ ਉਧਰ ਜਾ ਰਹੇ ਹਨ, ਪਰ ਇੱਕ ਪਾਗਲ ਦੀਵਾਰ ਦੇ ਕੋਲ ਕੰਨ ਲਾ ਕੇ ਖੜ੍ਹਾ ਸੀ।

ਨੇਤਾ, ''ਤੁਸੀਂ ਇਥੇ ਕੰਨ ਲਾ ਕੇ ਕਿਉਂ ਖੜ੍ਹੇ ਹੋ?"

ਪਾਗਲ (ਮੂੰਹ 'ਤੇ ਉਂਗਲੀ ਰੱਖਦਿਆਂ), ''ਸ਼ੀ-ਸ਼ੀ ਕੰਨ ਲਾ ਕੇ ਸੁਣੋ, ਇਹਦੇ ਤੋਂ ਆਵਾਜ਼ ਆਏਗੀ।"

ਨੇਤਾ ਕੰਨ ਲਾ ਕੇ ਖੜਾ ਹੋ ਗਿਆ।

ਜਦੋਂ ਉਸ ਨੂੰ ਇੱਕ ਘੰਟਾ ਹੋ ਗਿਆ ਤਾਂ ਹਾਰ ਕੇ ਉਸ ਨੂੰ ਕਹਿਣ ਲੱਗਾ, 'ਮੈਨੂੰ ਤਾਂ ਕੋਈ ਆਵਾਜ਼ ਨਹੀਂ ਸੁਣਾਈ ਦੇ ਰਹੀ ਹੈ।'

ਪਾਗਲ ਕਹਿਣ ਲੱਗਾ, 'ਮੈਨੂੰ ਤਿੰਨ ਸਾਲਾਂ ਤੋਂ ਨਹੀਂ ਸੁਣਾਈ ਦਿੱਤੀ, ਤੈਨੂੰ ਇੱਕ ਘੰਟੇ 'ਚ ਕੀ ਸੁਣੇਗੀ?"

*********










# ਘੁਣਤਰਾਂ:ਡੇਰੇਦਾਰਾਂ ਦੇ ਵੀ ਮਾਰੋ ਛਾਪੇ




"ਕਾਮਰੇਡਾ! ਅੱਜ ਥਾਣੇਦਾਰਾਂ ਦੇ ਘਰੇ ਕਾਹਦਾ ਛਾਪਾ ਪੈ ਗਿਆ, ਉਥੇ ਸਿਵਲ ਕਪੜਿਆਂ ਵਾਲੀ ਪਤਾ ਨਹੀਂ ਕੇਹੜੀ ਪੁਲਸ ਸੀ, ਚਾਰ ਪੰਜ ਗੱਡੀਆਂ 'ਚ ਆਏ ਸੀ ਪਤੰਦਰ, ਆਥਣ ਤੱਕ ਪਤਾ ਕੀ ਫਰੋਲਾ ਫਰਾਲੀ ਕਰੀ ਗਏ?" ਬਿੱਕਰ ਦਾ ਇਹ ਸਵਾਲ ਸੁਣਕੇ ਸਾਰਿਆਂ ਨੇ ਜਵਾਬ ਦੀ ਉਤਸੁਕਤਾ ਨਾਲ ਸ਼ਿੰਦੇ ਵੱਲ ਦੇਖਿਆ "ਅਮਲੀਆ ! ਇਹ ਤਾਂ ਕਹਿੰਦੇ ਵਿਜੀਲੈਂਸ ਵਾਲਿਆਂ ਨੇ ਛਾਪਾ ਮਾਰਿਐ, ਪਤਾ ਲੱਗਿਆ ਕਿ ਥਾਣੇਦਾਰਾਂ ਦਾ ਛੋਟਾ ਮੁੰਡਾ ਜੇਹੜਾ ਚੰਡੀਗੜ ਵੱਲ ਕਿਤੇ ਡੀ.ਐਸ.ਪੀ ਲੱਗਿਆ ਹੋਇਐ, ਕਹਿੰਦੇ ਉਹਨੇ ਭ੍ਰਿਸ਼ਟਾਚਾਰ ਕਰਕੇ ਖਾਸੀ ਜਾਇਦਾਦ ਬਣਾਈ ਐ, ਇਹ ਵਿਜੀਲੈਂਸ ਵਾਲੇ ਹੁਣ ਉਹਦੀ ਜਾਇਦਾਦ ਦੀ ਜਾਂਚ ਪੜਤਾਲ ਕਰ ਰਹੇ ਨੇ" ਸ਼ਿੰਦੇ ਦਾ ਜਵਾਬ ਸੁਣਕੇ ਬਾਬਾ ਲਾਭ ਸਿੰਘ ਬੋਲਿਆ "ਭਾਈ ! ਥਾਣੇਦਾਰਾਂ ਦੇ ਟੱਬਰ ਤਾਂ ਤਿੰਨ ਪੀੜੀਆਂ ਪੁਲਸ 'ਚ ਨੌਕਰੀ ਕਰਦਾ ਆ ਰਿਹਾ, ਪਹਿਲਾਂ ਇਹਨਾਂ ਦਾਦਾ ਅੰਗਰੇਜਾਂ ਵੇਲੇ ਥਾਣੇਦਾਰ ਰਿਹਾ, ਫਿਰ ਉਹਦਾ ਮੁੰਡਾ ਐਸ ਪੀ ਬਣਕੇ ਰਿਟੈਰ ਹੋਇਆ, ਹੁਣ ਤੀਜੀ ਪੀੜੀ 'ਚ ਆਹ ਮੁੰਡਾ ਡੀ ਐਸ ਪੀ ਬਣ ਗਿਆ, ਇਹਨਾਂ ਕੋਲ ਤਾਂ ਪਹਿਲਾਂ ਹੀ ਵਿਥੇਰੀ ਜਾਇਦਾਦ ਐ, ਅੱਗ ਲਾਈ ਨਹੀਂ ਲੱਗਦੀ, ਪਰ ਭਾਈ ! ਬਾਬੇ ਨਾਨਕ ਨੇ ਕਿਹਾ ਕਿ 'ਭੁੱਖਾ ਬੰਦਾ ਬਿਨਾਂ ਸੰਤੋਖ ਤੋਂ ਕਦੇ ਨਹੀਂ ਰੱਜਦਾ, ਨਾਲੇ ਇਥੇ ਕੇਹੜੇ ਸਰਕਾਰੀ ਅਧਿਕਾਰੀ ਦੀ ਜਾਇਦਾਦ ਆਮਦਨ ਤੋਂ ਘੱਟ ਐ" ਬਾਬਾ ਲਾਭ ਸਿੰਘ ਦੀ ਇਹ ਗੱਲ ਸੁਣਕੇ ਬਿੱਕਰ ਬੋਲਿਆ "ਬਾਬਾ ਜੀ ! ਗੱਲ ਤਾਂ ਠੀਕ ਐ, ਪਰ ਜੇਹੜਾ ਸਾਧ ਲਾਣੇ ਨੇ ਬਾਬੇ ਨਾਨਕ ਦੇ ਨਾਮ 'ਤੇ ਮਾਇਆ ਕੱਠੀ ਕਰਕੇ ਲੱਖਾਂ ਕਰੋੜਾਂ ਦੀ ਜਾਇਦਾਦਾਂ ਬਣਾ ਹੋਈਆਂ ਨੇ, ਉਹਨਾਂ ਦੀ ਜਾਂਚ ਕੌਣ ਕਰੂ" ਇਸ ਗੱਲ ਨੂੰ ਅੱਗੇ ਵਧਾਉਂਦਿਆਂ ਸ਼ਿੰਦੇ ਨੇ ਕਿਹਾ "ਅਮਲੀਆ ! ਗੱਲ ਤਾਂ ਸੋਲਾਂ ਆਨੇ ਐ, ਸਰਕਾਰੀ ਮੁਲਾਜਮ ਤਾਂ ਫਿਰ ਵੀ ਆਪਣੀ ਤਨਖਾਹ 'ਚੋਂ ਸਰਕਾਰ ਨੂੰ ਟੈਕਸ ਕਟਾਉਂਦੇ ਨੇ, ਆਹ ਹੋਰ ਕਾਰੋਬਾਰੀ ਲੋਕ ਵੀ ਇਨਕਮ ਟੈਕਸ ਭਰਦੇ ਨੇ, ਪਰ ਇਸ ਸਾਧ ਲਾਣੇ ਦੀ ਆਮਦਨ ਦਾ ਤਾਂ ਕੋਈ ਹਿਸਾਬ ਕਿਤਾਬ ਹੀ ਨਹੀ, ਆਹ ਵੱਡੇ ਪਿੰਡ ਵਾਲੇ ਗੁਰਦੁਆਰੇ 'ਚ ਇਕ ਗਰੰਥੀ ਵਾਜਾ ਵਧੀਆ ਵਜਾਉਣ ਲੱਗਿਆ, ਕੁਛ ਸਮੇਂ ਬਾਅਦ ਉਹਨੇ ਬਾਬਾ ਬਣਕੇ ਦੀਵਾਨ ਲਾਉਣੇ ਸੁਰੂ ਕਰ'ਤੇ, ਜਦੋਂ ਖਾਸੀ ਮਹਿਮਾ ਹੋਣ ਲੱਗੀ ਤਾਂ ਰਾਜਨੀਤੀ ਪੈਰ ਧਰਨ ਲੱਗ ਪਿਆ, ਫਿਰ ਕੀ ਬਸ ਹੋ 'ਗੀ ਲੱਛਮੀ ਮਾਤਾ ਦੀ ਕਿਰਪਾ, ਅੱਜਕੱਲ ਗਰੰਥੀ ਤੋਂ ਬਾਬਾ ਬਣਿਆ ਉਹ ਮਹਾਂਪੁਰਸ ਚੰਡੀਗੜ ਨੂੰ ਜਾਂਦੇ ਵੱਡੇ ਜੀ.ਟੀ ਰੋਡ 'ਤੇ ਨਹਿਰ ਪੁੱਲ ਕੋਲ ਅੱਧਾ ਕਿਲਾ ਜਮੀਨ ਖਰੀਦ ਕੇ ਮਹਿਲ ਵਰਗੀ ਕੋਠੀ ਪਾਈ ਬੈਠੇ, ਹੁਣ ਦੱਸੋ ! ਇਹੋ ਜਿਹੇ ਬਾਬਿਆਂ ਦੀ ਆਮਦਨ ਤੇ ਬਣਾਈਆਂ ਜਾਇਦਾਦਾਂ ਦੀ ਜਾਂਚ ਕੌਣ ਕਰੂ" ਸ਼ਿੰਦੇ ਨੂੰ ਟੋਕਦਿਆਂ "ਬਾਬਾ ਲਾਭ ਸਿੰਘ ਬੋਲਿਆ "ਭਾਈ ! ਇਹ ਇਕ ਅੱਧੇ ਸਾਧ ਦੀ ਗੱਲ ਥੋਡੀ ਆ, ਆਹ ਕੱਲਰਸਰ ਵਾਲੇ ਬਾਬਿਆਂ ਦੀਆਂ ਜਾਇਦਾਦਾਂ ਦੇਖ ਲਓ, ਕਈ ਕਹਿੰਦੇ ਕਹਾਉਂਦੇ ਸਾਧਾਂ ਨੇ ਕਨੇਡਾ-ਮਰੀਕਾ 'ਚ ਪੈਟਰੋਲ ਪੰਪ, ਵੱਡੇ ਵੱਡੇ ਮੌਲ ਤੇ ਟਰੱਕ ਖਰੀਦ ਰੱਖੇ ਨੇ, ਇਹਨਾਂ ਦੇ ਡੇਰਿਆਂ 'ਤੇ ਕਿੰਨੀ ਮਾਇਆ ਚੜਦੀ ਐ, ਕਦੇ ਕਿਸੇ ਸਰਕਾਰ ਨੇ ਕੋਈ ਹਿਸਾਬ ਕਿਤਾਬ ਨਹੀ ਲਿਆ" ਬਾਬਾ ਲਾਭ ਸਿੰਘ ਦੀ ਗੱਲ ਪੂਰੀ ਹੋਣ ਤੋਂ ਪਹਿਲਾਂ ਹੀ ਬਿੱਕਰ ਬੋਲਿਆ "ਬਾਬਾ ਜੀ ! ਸਿੱਧਾ ਕਹੋ ਕਿ 'ਲੁੱਚੀ ਘੁੱਗੀ-ਕਾਂ ਬਦਨਾਮ' ਜੇ ਭਗਵੰਤ ਮਾਨ ਦੀ ਸਰਕਾਰ ਅਫਸਰਸ਼ਾਹੀ ਦੇ ਨਾਲ-ਨਾਲ ਇਹਨਾਂ ਸਾਧਾਂ ਦੀਆਂ ਜਾਇਦਾਦਾਂ ਵੀ ਜਾਂਚ ਵੀ ਕਰ ਲਵੇ ਤਾਂ ਦੇਖਿਓ ਸਰਕਾਰ ਦੀ ਦਿਨਾਂ 'ਚ ਹੀ ਖੁਸ਼ਕੀ ਚੱਕੀ ਜਾਊ " ਬਿੱਕਰ ਦੀ ਗੱਲ ਸੁਣਕੇ ਸਾਰੇ ਹੱਸ ਪਏ।

-ਘੁਣਤਰੀ

FRASERVIEW MEATS
The Name of Guaranteed Quality Meats



Number One Quality Meat in Lower Mainland
We also sell cooked chicken
We take orders for all occassion
Serving You Since 1993
Try our Special Chicken Tikkar

Jagir S. Nagra
604-592-2900
#102-12047-80th Ave. Surrey (Besides Mega Fruticana)
www.fraserviewmeats.com

Rai Express Lines Ltd.

Hiring
Team Owner Operators
- All miles paid
- Year round work
- Criminal record check
- Flexible time off
- On site maintenance/wash facility
- Family atmosphere
- Direct deposit

Karnail Singh Rai
President
Call today 604-503-6900
Email-kal@raiexpresslines.com www. raiexpressline.com
Unit 125-7475 135th Street, BC V3W 0M8

THE GRAND TAJ
BANQUET HALL
Khalsa Business Centre, 84th Ave. & 128th St., Surrey

CATERING SERVICE & MUSIC ARRANGEMENT
Caterings ~ Weddings ~ Engagements ~ Birthdays ~ Conferences & much more
ਗੁਰਦਵਾਰਾ ਸਾਹਿਬ ਦੀ ਕੇਟਰਿੰਗ
ਖਾਸ ਕੀਮਤਾਂ ਤੇ ਲੈਣ ਲਈ ਅੱਜ ਹੀ ਫੋਨ ਕਰੋ
604-599-4342
Fax: 604-599-4818
Email: grandtaj@grandtaj.com
www.grandtaj.com
Our Facilities Are Perfect For:
WEDDINGS * RECEPTION
BIRTHDAY PARTIES
ANNIVERSARIES
CORPORATE FUNCTIONS
BUSINESS MEETINGS
Capacity from 100 to 1200
Ladies Parties Special

TRUSTED NAME IN THE COMMUNITY

# SAME DAY FOREX

ਵਧੀਆ ਰੇਟ ਤੇ
ਇੰਡੀਆ ਨੂੰ
ਪੈਸੇ ਭੇਜਣ
ਅਤੇ ਮੰਗਵਾਉਣ
ਵਾਸਤੇ ਸਾਡੇ ਨਾਲ
ਸੰਪਰਕ ਕਰੋ




For More Info Call:

**778-967-7000, 604-782-3620,604-614-4565**

Email:samedayforex@gmail.com

#201-8035-120St. Surrey

# GURUDHAM TOUR & TRAVEL

#201-8035-120St, Delta, BC Web:www.gurudhamtour.ca

## 12 ਦਿਨਾਂ ਦੀ ਪੰਜ ਤਖਤ ਸਾਹਿਬ ਅਤੇ ਇਤਿਹਾਸਿਕ ਗੁਰਦੁਆਰਿਆਂ ਦੀ ਯਾਤਰਾ



ਅਕਤੂਬਰ ਮਹੀਨੇ ਵਿਚ

## ਪੰਜ ਤਖਤ ਸਾਹਿਬ ਜੀ

1. ਅਕਾਲ ਤਖਤ ਸਾਹਿਬ ਜੀ 2. ਕੇਸਗੜ ਸਾਹਿਬ ਜੀ
3. ਦਮਦਮਾ ਸਾਹਿਬ ਜੀ 4. ਪਟਨਾ ਸਾਹਿਬ ਜੀ 5. ਹਜੂਰ ਸਾਹਿਬ ਜੀ

### ਗੁਰਦੁਆਰਾ ਸਾਹਿਬ ਜੀ ਦੇ ਦਰਸ਼ਨ

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਅੰਮ੍ਰਿਤਸਰ, ਬਾਬਾ ਦੀਪ ਸਿੰਘ ਜੀ ਅੰਮ੍ਰਿਤਸਰ, ਬਾਬਾ ਬੁੱਢਾ ਸਾਹਿਬ ਜੀ, ਤਰਨਤਾਰਨ ਸਾਹਿਬ ਜੀ, ਗੋਇੰਦਵਾਲ ਸਾਹਿਬ ਜੀ, ਸੁਲਤਾਨਪੁਰ ਲੋਧੀ ਸਾਹਿਬ ਜੀ, ਮੁਕਤਸਰ ਸਾਹਿਬ ਜੀ, ਤਲਵੰਡੀ ਸਾਬੋ ਜੀ, ਨਾਨਕਸਰ ਸਾਹਿਬ ਜੀ ਲੁਧਿਆਣਾ, ਮਾਛੀਵਾੜਾ ਸਾਹਿਬ ਜੀ, ਚਮਕੌਰ ਸਾਹਿਬ ਜੀ, ਦਸਤਾਨ–ਏ–ਸ਼ਹਾਦਤ, ਕੀਰਤਪੁਰ ਸਾਹਿਬ ਜੀ, ਅਨੰਦਪੁਰ ਸਾਹਿਬ ਜੀ, ਗੁ. ਬਾਬਾ ਗੁਰਦਿੱਤਾ ਸਾਹਿਬ ਜੀ, ਗੁ. ਪੀਰ ਬੁੱਧੂ ਸ਼ਾਹ ਜੀ, ਵਿਰਾਸਤ ਏ ਖਾਲਸਾ, ਫਤਹਿਗੜ੍ਹ ਸਾਹਿਬ ਜੀ, ਸਰਹੰਦ, ਦੁਖ ਨਿਵਾਰਨ ਸਾਹਿਬ ਜੀ ਪਟਿਆਲਾ, ਚੰਡੀਗੜ੍ਹ, ਪਟਨਾ ਸਾਹਿਬ ਜੀ, ਹਜੂਰ ਸਾਹਿਬ ਜੀ

### ਯਾਤਰਾ ਦੀਆਂ ਸਹੂਲਤਾਂ

*ਸਾਰੀ ਯਾਤਰਾ ਵਿਚ ਵੋਲਵੋ ਬੱਸਾਂ ਦਾ ਸਫਰ(Wi-Fi ਨਾਲ) * 24 ਘੰਟੇ ਡਾਕਟਰ ਦਾ ਸਾਥ ਦਵਾਈਆਂ ਦੇ ਨਾਲ
*24 ਘੰਟੇ ਸਕਿਓਰਟੀ ਦੀ ਸਹਾਇਤਾ *ਸਮਾਨ ਚੁੱਕਣ ਦੀ ਸਹਾਇਤਾ *ਵੈਜੀਟੇਰੀਅਨ ਭੋਜਨ ਅਤੇ ਫਲ
*ਵੈਬਸਾਈਟ ਤੋਂ ਸਿੱਧਾ ਗੁਰਬਾਣੀ ਕੀਰਤਨ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ
*ਰਾਤ ਨੂੰ ਵਧੀਆ ਹੋਟਲ ਜਾਂ ਗੁਰਦੁਆਰੇ ਦੀ ਚੰਗੀ ਸਰਾਂ ਵਿਚ ਰੁਕਣ ਦੀ ਮਰਜੀ
**ਨੋਟ:ਪਟਨਾ ਸਾਹਿਬ ਅਤੇ ਹਜੂਰ ਸਾਹਿਬ ਨੂੰ ਹਵਾਈ ਯਾਤਰਾ ਹੋਵੇਗੀ**

### Facility in the Tour

*Volvo Buses(with Wi-Fi) *24X7 Days Doctor with Medicine *24X7 Days Security
*Helpers For Luggage *Vegetarian Meal with fruit
*Option for stay in Luxury Hotel or Gurdwara Sahib Saran
*Website Live Kirtan from Darbar Sahib Amritsar,
**Patna Sahib & Hazur Sahib Yatra (By Air)**

For more Information Call: 778-792-4909
604-614-4565, 604-782-3620
Email:info@gurudhamtour.ca
or gurudhamtour@gmail.com

# ਗਦਾਰੀਆਂ ਤੋਂ ਸਬਕ ਲੈ ਕੇ ਸਰਦਾਰੀਆਂ ਵੱਲ ਕਦੋਂ ਤੁਰਨਾ ਹੈ?

ਸਿੱਖ ਕੌਮ ਦੀਆਂ ਬਹਾਦਰੀਆਂ ਜਾਂ ਪ੍ਰਾਪਤੀਆਂ ਨਾਲ ਇਤਿਹਾਸ ਦੇ ਪੰਨੇ ਭਰੇ ਪਏ ਹਨ, ਪ੍ਰੰਤੂ ਨਜ਼ਰਵੱਟੂ ਦੀ ਤਰ੍ਹਾਂ ਗਦਾਰੀਆਂ ਬੇਸ਼ੱਕ ਕਦੇ ਕਦੇ ਹੋਈਆਂ, ਪਰ ਰੜਕਦੀਆਂ ਬਹੁਤ ਹਨ, ਕਿਉਂਕਿ ਇਹਨਾਂ ਗ਼ਦਾਰੀਆਂ ਨੇ ਕੌਮ ਦਾ ਨੁਕਸਾਨ ਵੀ ਬਹੁਤ ਕੀਤਾ ਹੈ ਅਤੇ ਨਮੋਸ਼ੀ ਵੀ ਬੜੀ ਦਿਵਾਈ ਹੈ, ਤੇ ਨਾਲ ਨਾਲ ਇਤਿਹਾਸ ਨੂੰ ਵੀ ਕਲੰਕਤ ਕੀਤਾ ਹੈ। ਇਹਨਾਂ ਗਦਾਰੀਆਂ ਦਾ ਵੀ ਇੱਕ ਲੰਮਾਂ ਇਤਿਹਾਸ ਹੈ ਅਤੇ ਗਦਾਰੀਆਂ ਕਰਨ ਵਾਲੇ ਗੁਰੂ ਪਰਿਵਾਰਾਂ ਵਿੱਚ ਵੀ ਜਨਮ ਲੈਂਦੇ ਰਹੇ। ਗਦਾਰੀ ਵੱਡੀ ਹੋਵੇ ਜਾਂ ਛੋਟੀ ਇਸ ਨਾਲ ਕੋਈ ਫਰਕ ਨਹੀਂ ਪੈਂਦਾ, ਪ੍ਰੰਤੂ ਇਸ ਨਾਲ ਹੋਣ ਵਾਲਾ ਨੁਕਸਾਨ ਬਹੁਤ ਡੂੰਘੇ ਜ਼ਖਮ ਦੇ ਜਾਂਦਾ ਹੈ। ਜਿਹਨਾਂ ਦੀ ਭਰਪਾਈਂ ਕਰਨ ਵਾਸਤੇ ਸਮਾਂ ਵੀ ਬਹੁਤ ਲੱਗਦਾ ਹੈ ਅਤੇ ਮਲ੍ਹਮ ਦੀ ਜਗ੍ਹਾ ਕੌਮੀਂ ਪਰਵਾਨਿਆਂ ਨੂੰ ਆਪਣੀ ਚਰਬੀਆਂ ਦੀਆਂ ਪੱਟੀਆਂ ਵੀ ਕਰਨੀਆਂ ਪੈ ਜਾਂਦੀਆਂ ਹਨ। ਗਦਾਰੀਆਂ ਕਈ ਦੇ ਕਈ ਰੰਗ ਹਨ। ਆਪਣੇ ਗੁਰੂ ਪਿਤਾ ਨੂੰ ‘ ਧੋਖਾ ਦੇਣਾ ਜਾਂ ਹੁਕਮ ਅਦੂਲੀ ਕਰਨੀ ਵੀ ਤਾਂ ਇੱਕ ਗਦਾਰੀ ਹੀ ਹੈ ? ਪ੍ਰੰਤੂ ਅਜਿਹੀਆਂ ਕਈ ਗਦਾਰੀਆਂ ਨੂੰ ਸਿੱਖ ਪੰਥ ਤਾਂ ਨਹੀਂ, ਪ੍ਰੰਤੂ ਕੁੱਝ ਸਿੱਖ ਜ਼ਰੂਰ ਸਰਸਰੀ ਜਾਂ ਸੁਭਾਵਿਕ ਹੀ ਸਮਝਦੇ ਹਨ ਅਤੇ ਅਜਿਹੇ ਗੁਰੂ ਤੋਂ ਬੇਮੁਖ ਹੋਏ ਲੋਕਾਂ ਦੀ ਪੂਜਾ ਵੀ ਕਰਦੇ ਹਨ ਅਤੇ ਉਹਨਾਂ ਨੂੰ ਧੱਕੇ ਨਾਲ ਸਿੱਖ ਪੰਥ ਵਿੱਚ ਘਸੋੜਨ ਦਾ ਯਤਨ ਕਰਦੇ ਰਹਿੰਦੇ ਹਨ।ਸ਼ਾਇਦ ਉਹਨਾਂ ਨੂੰ ਅਜਿਹਾ ਕਰਨ ਵਾਸਤੇ ਕੋਈ ਸਿੱਖ ਵਿਰੋਧੀ ਸ਼ਕਤੀ ਗੁੰਮਹਾਰ ਕਰਦੀ ਹੈ ਜਾਂ ਪ੍ਰੇਰਨਾ ਦਿੰਦੀ ਹੈ ? ਗੁਰੂ ਨਾਨਕ ਸਾਹਿਬ ਨੇ ਜਦੋਂ ਰੂਹਾਨੀ ਮਿਸ਼ਨ ਅਰੰਭਿਆ ਸੀ ਤਾਂ ਸਭ ਤੋਂ ਪਹਿਲੀ ਗਦਾਰੀ ਵੀ ਗੁਰੂ ਨਾਨਕ ਦੇ ਘਰ ਅਤੇ ਪਰਿਵਾਰ ਵਿੱਚੋਂ ਹੀ ਹੋਈ ਸੀ, ਜਦੋਂ ਪੁੱਤਰਾਂ ਨੇ ਹੀ ਹੁਕਮ ਨਾ ਮੰਨਿਆ ਅਤੇ ਗੁਰੂ ਪਿਤਾ ਵੱਲੋਂ ਦਿੱਤੇ ਫਲਸਫੇ ਦੇ ਉਲਟ ਜਾਕੇ, ਮਨਮੱਤੀ ਵਿਚਾਰਾਂ ਨੂੰ ਧਾਰਨ ਕਰ ਲਿਆ।ਇਸ ਤਰ੍ਹਾਂ ਹੀ ਗੁਰੂ ਰਾਮਦਾਸ ਸਾਹਿਬ ਦੇ ਸਪੁੱਤਰ ਪਿਰਥੀ ਚੰਦ ਨੇ ਵੀ ਗੁਰੂ ਅਰਜਨ ਸਾਹਿਬ ਨਾਲ ਗਦਾਰੀ ਕਰਕੇ ਧ੍ਰੋਹ ਕਮਾਇਆ ਸੀ,ਧੀਰਮੱਲ ਰਾਮਰਾਏ ਬਾਰੇ ਵੀ ਇਤਿਹਾਸ ਵਿੱਚ ਲਿਖਿਆ ਹੈ।ਪ੍ਰੰਤੂ ਬੇਸ਼ੱਕ ਗੁਰੂ ਨਾਨਕ ਸਾਹਿਬ ਜਾਂ ਦੂਜੇ ਗੁਰੂ ਸਾਹਿਬਾਨ ਨੇ ਪਰਿਵਾਰਾਂ ਵਿੱਚ ਜਨਮੇਂ ਲੋਕਾਂ ਨਾਲੋਂ, ਸਮਰਪਿਤ ਸਿੱਖਾਂ ਨੂੰ ਪ੍ਰਵਾਨ ਕਰਕੇ ਆਪਣਾ ਮਿਸ਼ਨ ਜਾਰੀ ਰੱਖਿਆ, ਪ੍ਰੰਤੂ ਨਾਲ ਨਾਲ ਇਹ ਗਦਾਰੀਆਂ ਵੀ ਤੁਰਦੀਆਂ ਹੀ ਆਈਆਂ। ਸਿੱਖ ਇਤਿਹਾਸ ਵਿੱਚ ਵੱਡੀਆਂ ਘਟਨਾਵਾਂ ਦੱਸਦੀਆਂ ਹਨ ਕਿ ਕਿੱਥੇ ਕਿੱਥੇ ਆਪਣਿਆਂ ਵੱਲੋਂ ਗਦਾਰੀਆਂ ਹੋਣ ਕਰਕੇ ਕੌਮ ਦਾ ਨੁਕਸਾਨ ਹੋਇਆ। ਬਾਬਾ ਬੰਦਾ ਸਿੰਘ ਬਹਾਦਰ ਵੇਲੇ ਵੀ ਦਰਬਾਰ ਸਾਹਿਬ ਵਿੱਚ ਬੈਠੇ ਰੋਜ਼ੀਨਿਆਂ ਦੀ ਖੈਰਾਤ ਤੇ ਪਲਣ ਵਾਲੇ, ਮਖੌਟਾਧਾਰੀ ਸਿੱਖਾਂ ਨੇ ਵੀ ਗਦਾਰੀ ਕੀਤੀ। ਜਿਸ ਕਰਕੇ ਸਿੱਖ ਬਾਦਸ਼ਾਹੀ ਵੀ ਹੱਥੋਂ ਜਾਂਦੀ ਰਹੀ ਅਤੇ ਕੌਮ ਦੇ ਮਹਾਨ ਨਾਇਕ ਬਾਬਾ ਬੰਦਾ ਸਿੰਘ ਬਹਾਦਰ ਨੂੰ ਸ਼ਹਾਦਤ ਦਾ ਜ਼ਾਮ ਪੀਣਾ ਪਿਆ। ਮਹਾਰਾਜਾ ਰਣਜੀਤ ਸਿੰਘ ਦਾ ਸਿੱਖ ਰਾਜ ਵੀ ਸਿੱਖ ਦਿੱਸਣ ਵਾਲੇ ਡੋਗਰਿਆਂ ਦੀਆਂ ਗਦਾਰੀਆਂ ਕਰਕੇ ਹੀ ਖਤਮ ਹੋਇਆ। ਪ੍ਰੰਤੂ ਇੱਥੋਂ ਤੱਕ ਦੇ ਇਤਿਹਾਸ ਤੋਂ ਇਹ ਸਮਝ ਆਉਂਦਾ ਹੈ ਕਿ ਬੇਸ਼ੱਕ ਗਦਾਰੀਆਂ ਤਾਂ ਹੋਈਆਂ, ਪ੍ਰੰਤੂ ਸਿੱਖਾਂ ਨੇ ਕਦੇ ਇਹਨਾਂ ਗਦਾਰੀਆਂ ਨੂੰ ਲੈਕੇ, ਆਪਣੇ ਜ਼ਜ਼ਬੇ ਨੂੰ ਠੰਢਾ ਨਹੀਂ ਹੋਣ ਦਿੱਤਾ ਅਤੇ ਸਿਰਦਾਰੀਆਂ ਕਾਇਮ ਕਰਨ ਵਾਸਤੇ ਜੂਝਦੇ ਰਹੇ ਹਨ। ਪ੍ਰੰਤੂ ਸਿੱਖ ਰਾਜ ਦੇ ਪਤਨ ਤੋਂ ਬਾਅਦ ਇੱਕ ਪਾਸੇ ਆਮ ਸਿੱਖ ਤਾਂ ਪੁਰਾਤਨ ਇਤਿਹਾਸ ਦੇ ਪੂਰਨਿਆਂ ਨੂੰ ਗੂੜ੍ਹੇ ਕਰਦੇ ਹੋਏ ਕੁਰਬਾਨੀਆਂ ਦਿੰਦੇ ਰਹੇ ਅਤੇ ਨਵੇਂ ਦਿਸਹੱਦੇ ਸਥਾਪਤ ਕਰਦੇ ਰਹੇ, ਪ੍ਰੰਤੂ ਦੂਜੇ ਪਾਸੇ ਸਿੱਖ ਆਗੂ ਗਦਾਰੀਆਂ ਕਰਕੇ ਕੌਮ ਨੂੰ ਘੁੰਮਣਘੇਰੀਆਂ ਵੱਲ ਧੱਕਦੇ ਰਹੇ ? ਜੇ 1947 ਦੀ ਭਾਰਤ ਪਾਕਿ ਵੰਡ ਵੇਲੇ ਸਿੱਖ ਆਗੂ ਗਦਾਰੀਆਂ ਨਾ ਕਰਦੇ, ਜਾਂ ਫਿਰ ਪੰਥਕ ਸਿਧਾਂਤਾਂ ਤੇ ਪਹਿਰਾ ਦਿੰਦੇ ਤਾਂ ਅੱਜ ਸਿੱਖ ਰਾਜ ਵਿਹੂਣੇ ਨਾ ਹੁੰਦੇ ? ਬੇਸ਼ੱਕ ਹੋਏ ਨੁਕਸਾਨ ਦਾ ਸਿੱਖਾਂ ਦੇ ਆਗੂਆਂ ਨੇ ਇੱਕ ਦੂਜੇ ਦੇ ਸਿਰ ਭਾਂਡਾ ਭੰਨਕੇ, ਖੁਦ ਨੂੰ ਪੰਥ ਪ੍ਰਸਤ ਸਾਬਿਤ ਕਰਨ ਦਾ ਯਤਨ ਕੀਤਾ ਅਤੇ ਕੌਮ ਵੀ ਵਾਰ ਵਾਰ ਉਹਨਾਂ ਆਗੂਆਂ ਤੇ ਭਰੋਸਾ ਕਰਕੇ ਧੋਖੇ ਖਾਂਦੀ ਰਹੀ, ਪ੍ਰੰਤੂ ਇਤਿਹਾਸ ਦੇ ਪੰਨੇ ਸੱਚ ਸਮੋਈ ਬੈਠੇ ਹਨ। ਜੇ ਹੁਣ ਨਹੀਂ ਤਾਂ ਆਉਣ ਵਾਲੀਆਂ ਪੀੜ੍ਹੀਆਂ ਜਦੋਂ ਇਤਿਹਾਸ ਪੜ੍ਹਨਗੀਆਂ ਤਾਂ ਸਾਡੀਆਂ ਮੜ੍ਹੀਆਂ ਨੂੰ ਵੀ ਲਾਹਨਤਾਂ ਪੈਣਗੀਆਂ ਕਿ ਅੰਬਾਂ ਨੂੰ ਅੱਕ ਕਿਵੇਂ ਲੱਗਦੇ ਰਹੇ ? ਆਹ ਜੂਨ ਦਾ ਮਹੀਨਾ ਜਦੋਂ ਆਉਂਦਾ ਹੈ ਤਾਂ ਕੁੱਝ ਦਿਨ ਪਹਿਲਾਂ ਹੀ ਫਿਰ ਗਦਾਰੀਆਂ ਦੀ ਗੱਲ ਤੁਰਦੀ ਹੈ ਕਿ ਜੂਨ 1984 ਨੂੰ ਭਾਰਤ ਦੀ ਕਾਂਗਰਸ ਸਰਕਾਰ ਅਤੇ ਹੰਕਾਰੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਦਰਬਾਰ ਸਾਹਿਬ ਉੱਤੇ ਵਹਿਸ਼ੀਆਨਾ ਫੌਜ਼ੀ ਹਮਲਾ ਕੀਤਾ ਸੀ। ਜਿਸ ਵਿੱਚ ਭਗਵਿਆਂ ਦੀ ਰੂਹ ਮੰਨੇ ਜਾਣ ਵਾਲੇ ਅਟਲ ਬਿਹਾਰੀ ਵਾਜਪਾਈ ਅਤੇ ਲਾਲ ਕ੍ਰਿਸ਼ਨ ਅਡਵਾਨੀ ਦਾ ਹੱਥ ਹੋਣਾ ਉਹਨਾਂ ਨੇ ਖੁਦ ਮੰਨਿਆ ਹੈ। ਇਸ ਤਰ੍ਹਾਂ ਹੀ ਇਹ ਘੱਲੂਘਾਰੇ ਦੇ ਵਾਪਰਨ ਤੇ ਕੁੱਝ ਲੱਡੂ ਵੰਡਣ ਵਾਲੇ ਅਤੇ ਪ੍ਰਧਾਨ ਮੰਤਰੀ ਨੂੰ ਵਧਾਈਆਂ ਦੇਣ ਵਾਲੇ, ਰਾਜਸੀ ਟੁੱਕੜਬੋਚਾਂ ਨੇ ਵੀ,ਸਿਆਸੀ ਤਾਕਤ ਦੀ ਬੁਰਕੀ ਦੀ ਝਾਕ ਵਿੱਚ ਪੂਛਾਂ ਹਿਲਾਕੇ ਕੌਮ ਨਾਲ ਗਦਾਰੀਆਂ ਕੀਤੀਆਂ। ਪ੍ਰੰਤੂ ਉਹਨਾਂ ਲੋਕਾਂ ਨੂੰ ਦੂਜੇ ਨੰਬਰ ਉੱਤੇ ਇਸ ਕਰਕੇ ਰਖਿਆ ਜਾ ਸਕਦਾ ਹੈ ਕਿ ਉਹ ਤਾਂ ਸਦਾ ਹੀ ਸਿੱਖ ਪੰਥ ਦੇ ਉਲਟ ਰਹੇ, ਭੇਖ ਬੇਸ਼ੱਕ ਸਿੱਖਾਂ ਵਰਗਾ ਵੀ ਕਿਉਂ ਨਾ ਹੋਵੇ ? ਪ੍ਰੰਤੂ ਸਭ ਤੋਂ ਵੱਧ ਅਫਸੋਸ ਜਾਂ ਗਿਲਾ ਉਹਨਾਂ ਤੇ ਆਉਂਦਾ ਹੈ, ਜਿਹੜੇ ਇਹ ਦਾਹਵੇ ਕਰਦੇ ਰਹੇ ਕਿ ਅਸੀਂ ਕੌਮ ਪ੍ਰਸਤ ਹਾਂ, ਪੰਥ ਦੇ ਰਖਵਾਲੇ ਹਾਂ ? ਪ੍ਰੰਤੂ ਅਸਲ ਵਿੱਚ ਉਹ ਵੀ ਵੱਡੇ ਗਦਾਰ ਨਿਕਲੇ। ਦਰਬਾਰ ਸਾਹਿਬ ਉੱਤੇ ਹੋਏ ਫੌਜੀ ਹਮਲੇ ਤੋਂ ਬਾਅਦ ਸਿੱਖ ਕੌਮ ਦਾ ਸਿਆਸੀ ਅਤੇ ਜਥੇਬੰਦਕ ਤੌਰ ਉੱਤੇ ਲੱਕ ਟੁੱਟ ਚੁੱਕਿਆ ਹੈ ਕਿਉਂਕਿ ਸਿੱਖ ਪੰਥ ਬਾਬਾ ਜਰਨੈਲ ਸਿੰਘ ਭਿੰਡਰਾਂਵਾਲਿਆਂ ਵਿੱਚੋਂ ਆਪਣੇ ਭਵਿੱਖ ਦੀ ਤਸਵੀਰ ਵੇਖ ਰਿਹਾ ਸੀ, ਪ੍ਰੰਤੂ ਉਹਨਾਂ ਦੀ ਸ਼ਹੀਦੀ ਨੇ ਸਾਰੇ ਸੁਫ਼ਨੇ ਚਕਨਾਚੂਰ ਕਰ ਦਿੱਤੇ ਅਤੇ ਇਸ ਤੋਂ ਬਾਅਦ ਕੌਮ ਅੰਦਰ ਇਹ ਗੱਲ ਬੜੇ ਵੱਡੇ ਪੱਧਰ ਉੱਤੇ ਫੈਲ ਗਈ ਕਿ ਦਰਬਾਰ ਸਾਹਿਬ ਉੱਤੇ ਫੌਜੀ ਹਮਲੇ ਅਤੇ ਬਾਬਾ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਸ਼ਹੀਦੀ ਲਈ,ਕਈ ਸਿੱਖ ਆਗੂਆਂ ਨੇ ਗਦਾਰੀ ਕਰਕੇ ਭਾਰਤੀ ਹੁਕਮਰਾਨਾਂ ਦਾ ਸਾਥ ਦਿੱਤਾ ਹੈ। ਬੇਸ਼ੱਕ ਕਈ ਅਕਾਲੀਆਂ ਨੇ ਸਪਸ਼ਟੀਕਰਨ ਦੇਣ ਦਾ ਯਤਨ ਵੀ ਕੀਤਾ ਪ੍ਰੰਤੂ ਕੌਮ ਦੇ ਜ਼ਜ਼ਬਾਤਾਂ ਅੱਗੇ ਕੋਈ ਨਾ ਟਿਕ ਸਕਿਆ।ਅਕਾਲੀ ਆਗੂਆਂ ਵਿੱਚੋਂ ਸੰਤ ਹਰਚੰਦ ਸਿੰਘ ਲੌਂਗੋਵਾਲ,ਸਪ੍ਰਕਾਸ਼ ਸਿੰਘ ਬਾਦਲ,ਸ.ਸੁਰਜੀਤ ਸਿੰਘ ਬਰਨਾਲਾ ਸਮੇਤ ਕਈ ਵੱਡੇ ਆਗੂਆਂ ਦੇ ਨਾਲ ਨਾਲ, ਸੈਂਕੜੇ ਛੋਟੇ ਆਗੂਆਂ ਉੱਤੇ ਵੀ ਅਜਿਹੇ ਦੋਸ਼ ਲੱਗੇ। ਕਦੇ ਕਦੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਅਤੇ ਜਥੇਦਾਰ ਜਗਦੇਵ ਸਿੰਘ ਤਲਵੰਡੀ ਉੱਤੇ ਵੀ ਉਂਗਲਾਂ ਉੱਠੀਆਂ। ਪ੍ਰੰਤੂ ਬਹੁਤੀ ਸੂਈ ਸੰਤ ਹਰਚੰਦ ਸਿੰਘ ਲੌਂਗੋਵਾਲ ਅਤੇ ਸਪ੍ਰਕਾਸ਼ ਸਿੰਘ ਬਾਦਲ ਤੇ ਹੀ ਘੁੰਮਦੀ ਰਹੀ ? ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਤਾਂ ਕੁੱਝ ਨੌਜਵਾਨਾਂ ਨੇ ਕਤਲ ਕਰਕੇ ਗਦਾਰੀ ਦੀ ਸਜ਼ਾ ਦੇ ਦਿੱਤੀ। ਸ. ਸੁਰਜੀਤ ਸਿੰਘ ਬਰਨਾਲਾ ਸਖਤ ਸੁਰੱਖਿਆ ਪ੍ਰਬੰਧਾਂ ਥੱਲੇ,ਇੱਕ ਵਾਰ ਪੰਥ ਤੋਂ ਅਲੱਗ ਥਲੱਗ ਪੈ ਗਏ। ਪ੍ਰੰਤੂ ਸ.ਪ੍ਰਕਾਸ਼ ਸਿੰਘ ਬਾਦਲ ਅਤੇ ਜਥੇਦਾਰ ਟੌਹੜਾ ਕੁੱਝ ਚਿਰ ਜੇਲ੍ਹਾਂ ਵਿੱਚ ਨਜ਼ਰਬੰਦ ਰਹਿਣ ਪਿੱਛੋਂ ਫਿਰ ਸਿੱਖ ਪੰਥ ਦੀਆਂ ਅਗਲੀਆਂ ਸਫ਼ਾਂ ਵਿੱਚ ਹੋਕੇ ਵਿਚਰਨ ਲੱਗੇ। ਇਹਨਾਂ ਸਾਰੇ ਸਿੱਖ ਜਾਂ ਅਕਾਲੀ ਆਗੂਆਂ ਵਿੱਚ ਜਥੇਦਾਰ ਗੁਰਚਰਨ ਸਿੰਘ ਟੌਹੜਾ ਇੱਕ ਅਜਿਹੇ ਵਾਹਿਦ ਆਗੂ ਸਨ ਕਿ ਜਿਹੜੇ ਹਰ ਤਰ੍ਹਾਂ ਦੇ ਹਲਾਤਾਂ ਦਾ ਮੁਕਾਬਲਾ ਕਰਨ ਦੀ ਮੁਹਾਰਤ ਅਤੇ ਜ਼ਜ਼ਬਾ ਰੱਖਦੇ ਸਨ। ਸ. ਸੁਰਜੀਤ ਸਿੰਘ ਬਰਨਾਲਾ ਆਪਣੀ ਸ਼ਰਾਫ਼ਤ ਲੈਕੇ ਗਵਰਨਰ ਹਾਊਸ ਦੇ ਪਿੰਜਰੇ ਵਿੱਚ ਦਿਨ ਕੱਟਣ ਲੱਗੇ। ਪ੍ਰੰਤੂ ਸ.ਪ੍ਰਕਾਸ਼ ਸਿੰਘ ਬਾਦਲ ਜੰਨਸੰਘ ਅਤੇ ਭਾਰਤੀ ਏਜੰਸੀਆਂ ਦੀ ਅੰਦਰੂਨੀ ਮਦਦ ਅਤੇ ਆਪਣੀ ਸਰਮਾਏਦਾਰੀ ਦੇ ਬਲਬੂਤੇ, ਕੁੱਝ ਅਮੀਰ ਸਿੱਖ ਘਰਾਣਿਆਂ ਦੇ ਸਾਥ ਨਾਲ ਆਪਣਾ ਦਬਦਬਾ ਬਣਾਉਣ ਵਿੱਚ ਕਾਮਯਾਬ ਰਹੇ। ਭਾਰਤੀ ਨਿਜ਼ਾਮ ਅਤੇ ਸਮੇਂ ਦੇ ਹਾਕਮ ਵੀ ਨਹੀਂ ਚਾਹੁੰਦੇ ਸਨ ਕਿ ਸਿੱਖਾਂ ਨੂੰ ਚੰਗੀ ਸ਼ਵੀ ਵਾਲਾ ਆਗੂ ਮਿਲੇ। ਇਸ ਕਰਕੇ ਸਰਕਾਰੀ ਤੰਤਰ ਨੇ, ਪੰਥ ਪ੍ਰਸਤ ਸਿੱਖਾਂ ਉੱਤੇ ਅੱਤਵਾਦੀ, ਵੱਖਵਾਦੀ ਅਤੇ ਦੇਸ਼ ਧਰੋਹੀਆਂ ਵਰਗੇ ਫਤਵੇ ਥੱਪਕੇ, ਉਹਨਾਂ ਨੂੰ ਇਸ ਕਰਕੇ ਬਦਨਾਮ ਕਰ ਦਿੱਤਾ ਕਿ ਉਹ ਲੋਕ ਕਦੇ ਸਿੱਖਾਂ ਦੇ ਆਗੂ ਨਾ ਬਣ ਸਕਣ ਅਤੇ ਦੁਨੀਆਂ ਇਹਨਾਂ ਦਾ ਦੁੱਖ ਸੁਣਨ ਦੀ ਥਾਂ ਇਹਨਾਂ ਨੂੰ ਮਾਰਖੋਰੇ ਸਮਝਕੇ ਇਹਨਾਂ ਨੂੰ ਅਣਗੌਲਿਆਂ ਕਰਦੀ ਰਹੇ ਅਤੇ ਨਾਲ ਹੀ ਸਿੱਖ ਸਿਆਸਤ ਦਾ ਚਿਹਰਾ ਮੋਹਰਾ ਬਦਲਣ ਵਾਸਤੇ ਸ ਪ੍ਰਕਾਸ਼ ਸਿੰਘ ਬਾਦਲ ਨੂੰ ਪੰਜਾਬ ਅਤੇ ਸਿੱਖਾਂ ਦੇ ਵੱਡੇ ਆਗੂ ਵਜੋਂ ਮਾਨਤਾ ਦੇਕੇ, ਕਈ ਦਹਾਕੇ ਸਿੱਖ ਸਿਆਸਤ ਅਤੇ ਪੰਜਾਬ ਦਾ ਸਰਵੇ ਕਰਵਾ ਬਣਾ ਧਰਿਆ। ਦਰਬਾਰ ਸਾਹਿਬ ਤੇ ਫੌਜੀ ਹਮਲੇ ਤੋਂ ਬਾਅਦ ਗ਼ਦਾਰੀ ਦਾ ਖਿਤਾਬ ਮਿਲਣ ਦੇ ਬਾਵਜੂਦ ਵੀ ਸ.ਬਾਦਲ ਤਿੰਨ ਵਾਰ ਮੁੱਖ ਮੰਤਰੀ ਰਹੇ ਕੇਂਦਰ ਸਰਕਾਰ ਵਿੱਚ ਹਿੱਸੇਦਾਰੀ ਬਣੀ ਰਹੀ ਅਤੇ ਦੁਨੀਆਂ ਨੂੰ ਇਹ ਸੁਨੇਹਾ ਗਿਆ ਕਿ ਸਿੱਖ ਤਾਂ ਗਦਾਰਾਂ ਨਾਲ ਹੀ ਹਨ, ਦੂਜਿਆਂ ਦੀ ਕੋਈ ਪੁੱਛ ਪ੍ਰਤੀਤ ਨਹੀਂ ਹੈ ? ਇਸ ਤਰ੍ਹਾਂ ਹੀ ਵਿੱਚ ਵਿੱਚ ਕੈਪਟਨ ਅਮਰਿੰਦਰ ਸਿੰਘ ਦਾ ਇੰਜਣ ਅੱਗੇ ਲਾਕੇ, ਦਰਬਾਰ ਸਾਹਿਬ ਉੱਤੇ ਹਮਲਾ ਕਰਨ ਵਾਲੀ ਮੁੱਖ ਧਿਰ ਕਾਂਗਰਸ ਵੀ ਪੰਜਾਬ ਦੀ ਰਾਜਸੀ ਪਟੜੀ ਉੱਤੇ ਆਪਣੀ ਗੱਡੀ ਚਲਾਉਣ ਵਿੱਚ ਕਾਮਯਾਬ ਰਹੀ। ਗਦਾਰਾਂ ਦੀ ਸੂਚੀ ਬਹੁਤ ਲੰਮੀ ਹੈ ਅਤੇ ਕਈ ਗਦਾਰ ਤਾਂ ਅੱਜ ਵੀ ਪੰਥ ਦੀਆਂ ਮੂਹਰਲੀਆਂ ਕਤਾਰਾਂ ਵਿੱਚ ਬੈਠੇ ਹਨ ? ਅੱਜ ਜਦੋਂ ਸਿੱਖ ਕੌਮ ਆਗੂ ਵਿਹੂਣੀ ਨਜ਼ਰ ਆ ਰਹੀ ਹੈ ਤਾਂ ਕੁਝ ਬਰਸਾਤੀ ਡੱਡੂ ਰਾਜਸੀ ਬਾਰਿਸ਼ ਦੀਆਂ ਬੁਛਾੜਾਂ ਨੂੰ ਮਾਨਣ ਵਾਸਤੇ ਭਗਵੇਂ ਛੱਪੜ ਦੇ ਕਿਨਾਰੇ ਟਰੈਂ ਟਰੈਂ ਕਰਦੇ ਨਜ਼ਰ ਆ ਰਹੇ ਹਨ ? ਹਾਲੇ ਧਿਆਨ ਰੱਖਿਓ ! ਜਿਸ ਦਿਨ ਚੋਣਾਂ ਵਾਲੀ ਪੂਰੇ ਦੀ ਹਵਾ ਵਗੇਗੀ, ਉਸ ਦਿਨ ਕਈ ਕੁੰਡਲੀਏ ਕਾਲੇ ਨਾਗ, ਫੰਨ੍ਹ ਖਿਲਾਰਕੇ, ਫੁੰਕਾਰੇ ਮਾਰਦੇ ਹੋਏ ਪੰਥ ਦੇ ਵਿਹੜੇ ਵਿੱਚ ਵਿਹੁ ਸੁੱਟਦੇ, ਭਗਵੀਂ ਬੀਨ ਤੇ ਮਸਤ ਹੋਕੇ ਮੇਲ੍ਹਦੇ ਬਿਪਰਵਾਦੀ ਪਟਾਰੀ ਵੱਲ ਜਾਂਦੇ ਦਿਖਾਈ ਦੇਣਗੇ ? ਅੱਜ ਸਿਰਫ ਇਸ ਗੱਲ ਨਾਲ ਨਹੀਂ ਸਰ ਸਕਦਾ ਕਿ ਦਰਬਾਰ ਸਾਹਿਬ ਦੇ ਫੌਜੀ ਹਮਲੇ ਜਾਂ ਇਤਿਹਾਸ ਵਿਚਲੇ ਦੂਜੇ ਗਦਾਰਾਂ ਦੀ ਭੰਡੀ ਪਿੱਟਕੇ, ਸਾਡਾ ਮਿਸ਼ਨ ਪੂਰਾ ਹੋ ਜਾਵੇਗਾ ? ਸਗੋਂ ਸਾਨੂੰ ਪਿਛਲੀਆਂ ਗਦਾਰੀਆਂ ਨਾਲ ਹੋਏ ਨੁਕਸਾਨ ਨੂੰ ਸਾਹਮਣੇ ਰੱਖਕੇ, ਇਸ ਗੱਲ ਉੱਤੇ ਵਧੇਰੇ ਧਿਆਨ ਦੀ ਲੋੜ ਹੈ ਕਿ ਗਦਾਰੀਆਂ ਤੋਂ ਬਾਅਦ ਵੀ ਜ਼ਜ਼ਬਾ ਕਿਵੇਂ ਬਣਿਆ ਰਿਹਾ ਅਤੇ ਕੌਮ ਮੰਜ਼ਿਲਾਂ ਕਿਸ ਤਰੀਕੇ ਮਾਰਦੀ ਰਹੀ ? ਸਭ ਤੋਂ ਸੰਜੀਦਾ ਅਤੇ ਗੰਭੀਰ ਵਿਸ਼ਾ ਇਹ ਹੈ ਕਿ ਪਿਛਲੇ ਨੁਕਸਾਨ ਤੇ ਝੂਰਨ ਨਾਲ ਕੁੱਝ ਪੱਲੇ ਨਹੀਂ ਪੈਂਦਾ, ਪ੍ਰੰਤੂ ਉਸ ਤੋਂ ਸੇਧ ਲੈਕੇ ਅਜੋਕੇ ‘ ਗਦਾਰਾਂ ਦੀ ਪਛਾਣ ਕਰੀਏ ਅਤੇ ਉਹਨਾਂ ਨੂੰ ਪੰਥ ਤੋਂ ਬਾਹਰ ਦਾ ਰਸਤਾ ਦਿਖਾਕੇ, ਭਵਿੱਖ ਦੀਆਂ ਮੰਜ਼ਿਲਾਂ ਸਰ ਕਰਨ ਦੀ ਨੀਤੀ ਉਲੀਕੀਏ ਕਿਉਂਕਿ ਇਤਿਹਾਸ ਪੁੱਛ ਰਿਹਾ ਹੈ ਕਿ ਪੰਥ ਜੀ ਗਦਾਰੀਆਂ ਤੋਂ ਸਬਕ ਲੈਕੇ ਸਿਰਦਾਰੀਆਂ ਵੱਲ ਕਦੋਂ ਤੁਰਨਾ ਹੈ ?” ਗੁਰ ਰਾਖਾ ।


SINGH THIND & ASSOCIATES

#208, 7110 120 Street, Surrey, BC

“ਆਪਣੇ ਭਾਈਚਾਰੇ ਦਾ ਮਾਣ”

*ਕ੍ਰਿਮੀਨਲ ਲਾਅ
*ਸਿਵਲ ਲਾਅ
*ਇੰਮੀਗਰੇਸ਼ਨ
*ਤਲਾਕ

Civil Litigation

*Contract Disputes
*Construction Disputes
*Debt Collection
*Business Disputes
*Builders Lien

Divorce Cases

Criminal Law

*Homicide and Attempted Homecide
*Extradition Matters
*Drug Offences
*Assaults *Sexual Assaults
*Drinking & Driving Offenses
*Theft & Robery
*Offenses related to prostitution

Immigration Law

*Immigration Appeals
*Overseas sponserships of spouses, dependant children and parents
*Inland sponserships of spouses, dependent children and parents
*Provincial Nominee Programs (PNP)
*Skilled Worker Category
*Self-Employed
*Investor and Enterpreneur Immigration
*Work Permits




604.543.3886

SINGH THIND & ASSOCIATES
BARRISTERS & SOLICITORS

ਸ਼ੁਕਰਾਨਾ ਅਰਦਾਸ ਸਮਾਗਮ

ਵਾਹਿਗੁਰੂ ਜੀ ਕਾ ਖਾਲਸਾ ।
ਵਾਹਿਗੁਰੂ ਜੀ ਕੀ ਫਤਿਹ ॥

# ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ

ਆਪ ਜੀ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਪੰਥ ਪ੍ਰਵਾਨ ਮਰਯਾਦਾ ਨੂੰ ਸਮਰਪੱਤ ਗੁਰਦੁਆਰਾ ਗੁਰਸਾਗਰ ਮਸਤੂਆਣਾ ਸਥਾਪਤ ਹੋਣ ਤੇ ਪਹਿਲਾ ਸਮਾਗਮ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਹੋ ਰਿਹਾ ਹੈ । ਆਪ ਜੀ ਨੂੰ ਇਸ ਸ਼ੁੱਭ ਸਮੇਂ ਤੇ ਸ਼ਾਮਲ ਹੋਣ ਦੀ ਸਨਿਮਰ ਬੇਨਤੀ ਹੈ ਜੀ ।

## ਪ੍ਰੋਗਰਾਮ

ਅਰੰਭ ਸ਼੍ਰੀ ਅਖੰਡ ਪਾਠ ਸਾਹਿਬ - 16 ਜੂਨ ਸਵੇਰੇ 10 ਵਜੇ, ਦਿਨ ਸ਼ੁੱਕਰਵਾਰ
ਭੋਗ ਸ਼੍ਰੀ ਅਖੰਡ ਪਾਠ ਸਾਹਿਬ - 18 ਜੂਨ ਸਵੇਰੇ 10 ਵਜੇ, ਦਿਨ ਐਤਵਾਰ

## ਵਿਸ਼ੇਸ਼ ਕੀਰਤਨ ਦੀਵਾਨ

17 ਜੂਨ ਦਿਨ ਸ਼ਨਿਚਰਵਾਰ ਸ਼ਾਮ 6 ਵਜੇ - 9 ਵਜੇ ਤੱਕ

ਜਿਸ ਵਿਚ ਭਾ: ਨਿਰੰਜਨ ਸਿੰਘ ਜੀ (ਜਵੱਦੀ ਕਲਾਂ ਵਾਲੇ) ਤੇ ਭਾ: ਜਗਰੂਪ ਸਿੰਘ ਜੀ (ਜਵੱਦੀ ਕਲਾਂ ਵਾਲੇ) ਤੇ ਹੋਰ ਗੁਰੂ ਕੇ ਕੀਰਤਨੀਏ ਹਾਜ਼ਰੀ ਭਰਨਗੇ ।

18 ਜੂਨ ਦਿਨ ਐਤਵਾਰ ਭੋਗ ਉਪਰੰਤ ਕੀਰਤਨ ਦੀਵਾਨ

ਜਿਸ ਵਿਚ ਭਾ: ਨਿਰੰਜਨ ਸਿੰਘ ਜੀ (ਜਵੱਦੀ ਕਲਾਂ ਵਾਲੇ) ਤੇ ਭਾ: ਜਗਰੂਪ ਸਿੰਘ ਜੀ (ਜਵੱਦੀ ਕਲਾਂ ਵਾਲੇ),ਭਾ: ਸਤਨਾਮ ਸਿੰਘ ਹਜ਼ੂਰੀ ਰਾਗੀ ਜੱਥਾ ਦਰਬਾਰ ਸਾਹਿਬ, ਅਮ੍ਰਿਤਸਰ, ਗਿ. ਸਰਬਣ ਸਿੰਘ ਜੀ,ਭਾ: ਕੁਲਦੀਪ ਸਿੰਘ ਬਾਬਾ ਬਕਾਲਾ ਵਾਲੇ ਢਾਡੀ ਜੱਥਾ ਜਤਿੰਦਰ ਸਿੰਘ, ਘੁੰਮਣ ਅਤੇ ਪੰਥਕ ਬੁਲਾਰੇ ਹਾਜ਼ਰੀ ਭਰਨਗੇ ।

**ਗੁਰੂ ਕਾ ਲੰਗਰ ਅਤੁੱਟ ਵਰਤੇਗਾ**

# ਰੋਜ਼ਾਨਾ ਦੇ ਪ੍ਰੋਗਰਾਮ

### ਸਵੇਰੇ

5:00 ਵਜੇ- ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼
5:15 - 6:15 ਵਜੇ ਤੱਕ - ਪੰਜ ਬਾਣੀਆਂ ਦੇ ਨਿੱਤਨੇਮ
6:30 - 8:00 ਵਜੇ ਤੱਕ - ਆਸਾ ਜੀ ਦੀ ਵਾਰ ਦੇ ਕੀਰਤਨ
8:00 - 8:30 ਵਜੇ ਤੱਕ - ਕਥਾ ਹੁਕਮਨਾਮਾ
8:30 - 10:00 ਵਜੇ ਤੱਕ - ਕੀਰਤਨ ਅਤੇ ਸਮਾਪਤੀ

### ਸ਼ਾਮ

6:00 - 6:30 ਵਜੇ ਤੱਕ - ਪਾਠ ਸੋਦਰ
6:30 - 8:00 ਵਜੇ ਤੱਕ - ਗੁਰਬਾਣੀ ਕੀਰਤਨ ਅਤੇ ਸਮਾਪਤੀ

**ਨੋਟ - ਗੁਰੂ ਕਾ ਲੰਗਰ ਅਤੁੱਟ ਵਰਤੇਗਾ**

ਕੀਰਤਨ ਕਲਾਸਾਂ ਵੀ ਆਰੰਭ ਕੀਤੀਆਂ ਜਾ ਰਹੀਆਂ ਹਨ ।

### ਬੇਨਤੀ ਕਰਤਾ

ਸਮੂਹ ਗੁ: ਪ੍ਰਬੰਧਕ ਕਮੇਟੀ (ਗੁਰਦੁਆਰਾ ਗੁਰਸਾਗਰ ਮਸਤੂਆਣਾ ਸਰੀ ਬੀ.ਸੀ)

ਪ੍ਰੋਗਰਾਮਾਂ ਦੀ ਬੁਕਿੰਗ ਲਈ ਸੰਪਰਕ ਨੰ.
ਗੁਰਦੁਆਰਾ ਸਾਹਿਬ - 604-413-7171
ਗਿ. ਮਹਿੰਦਰ ਸਿੰਘ ਮਹਿਸੰਮਪੁਰ ਜੀ - 778-713-5121
ਗਿ. ਬਲਦੇਵ ਸਿੰਘ ਜੀ 604-719-2007

ਪਤਾ - 11267-125 A ਸਟਰੀਟ, ਸਰੀ, ਬੀ.ਸੀ ।


MB BRAR & Co.
Accounting & Business Professionals

**INCOME TAX** **ਇਨਕਮ ਟੈਕਸ**

Nil Income Still Eligible For Refunds. E-file For Faster Refunds

**ਸਾਨੂੰ ਵਧੀਆ ਅਤੇ ਭਰੋਸੇਯੋਗ ਸੇਵਾਵਾਂ ਲਈ ਮਿਲੋ:**

For Prompt, Polite And Professional Services, Please See Us

- Personal Tax (T1)
- Sole Proprietor
- Corporate Tax (T2)
- Partnerships
- GST, PST & HST
- WCB
- CRA Reviews
- Business Planning

- ਪਰਸਨਲ ਟੈਕਸ
- ਪ੍ਰੋਪਰਾਇਟਰ
- ਕੋਰਪੋਰੇਟ ਟੈਕਸ
- ਪਾਰਟਨਰਸ਼ਿਪ
- ਜੀ.ਐਸ.ਟੀ., ਪੀ.ਐਸ.ਟੀ. ਅਤੇ ਐਚ.ਐਸ.ਟੀ.
- ਡਬਲਿਊ.ਸੀ.ਬੀ.
- ਸੀ.ਆਰ.ਏ. ਰਿਵੀਉਜ਼
- ਬਿਜਨਿਸ ਪਲੈਨਿੰਗ

All Revenue Canada applications and inquiries.

**Mandeep Brar: 778-908-3317**
mandeep@brarco.ca



**Continental Immigration Solutions**
"Helping Make Canada Home"

- Super Visa
- Permanent Residence
- Study Permit
- Work Permit
- Provincial Nominations
- Spousal Sponsorship

- ਸੁਪਰ ਵੀਜ਼ਾ
- ਪਰਮਾਨੈਂਟ ਰੇਜੀਡੈਂਸ
- ਸਟੱਡੀ ਪਰਮਿਟ
- ਵਰਕ ਪਰਮਿਟ
- ਪ੍ਰੋਵਿੰਸ਼ੀਅਲ ਨੌਮੀਨੇਸ਼ਨਜ
- ਪਤੀ/ਪਤਨੀ ਸਪੌਂਸਰਸ਼ਿਪ

**Sukhvir Chand** RCIC, BBA
sukh@cisonline.ca
**778-549-6851**

CAPIC ACPC
www.cisonline.ca
Commissioner of Oaths for British Columbia
Member of CAPIC
iccrc crcic

Unit 101 32883 South Fraser Way Abbotsford British Columbia V2S 2A6 | Tel: 604-852-3201 | Fax: 604-852-3284


ਸੋਫਾ ਫੈਕਟਰੀ
LOWEST PRICES IN TOWN
ਸਟੋਰ ਤੇ ਆ
ਕੇ ਵੇਖੋ
Biggest Sale of the Year
ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ
ਅਤੇ ਫੋਮ ਦੇ ਗੱਦੇ ਮਿਲਦੇ ਹਨ।
2 PCS SOFA & LOVE SEAT
$1350
ਤੁਹਾਡੇ ਘਰ ਆ ਕੇ ਮਿਣਤੀ ਕਰ ਕੇ
ਕਸਟਮ ਸੈਕਸ਼ਨਲ ਬਣਾਉਂਦੇ ਹਾਂ।
ਤੁਸੀਂ ਆਪਣੀ ਮਰਜ਼ੀ ਦਾ ਕੱਪੜਾ
ਤੇ ਰੰਗ ਸਿਲੈਕਟ ਕਰ ਸਕਦੇ ਹੋ
ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ ਵਿਚ ਮਿਲਦੇ ਹਨ
B&B FURNITURE
12732-80TH AVE. SURREY
604.594.6533
ਪੰਜਾਬ ਕਲਾਥ ਦੇ
ਬਿਲਕੁਲ ਸਾਹਮਣੇ

# DREAM BANQUET HALL

Birthday, Wedding, Reception, anniversary, Jago, Kitty Parties,
Graduation, Seminars, Fund Raising, Business Meeting, Corporate Events







Dream Catering "Your Venue, Our Food"

We provide various Menu Options to choose

ਜਨਮਦਿਨ, ਵਿਆਹ, ਰਿਸੈਪਸ਼ਨ, ਐਨਵਰਸਰੀ, ਜਾਗੋ,
ਸੈਮੀਨਾਰ, ਫੰਡ ਰੇਜਿੰਗ, ਬਿਜਨਸ ਮੀਟਿੰਗ, ਕਾਰਪੋਰੇਟ ਈਵੈਂਟ
ਆਦਿ ਬੁੱਕ ਕਰਨ ਲਈ ਸਾਡੇ ਨਾਲ ਸੰਪਰਕ ਕਰੋ

For Bookings, Contact: 604-203-7272

7236 -120St, Surrey, BC

Email:info@dreambanquethall.ca

# PEACE FURNITURE

For The Peace Of Your Mind






ਇਥੋਂ ਤੁਸੀਂ ਆਪਣੀ ਮਨਪਸੰਦ ਦੇ ਬੈੱਡ ਬਣਵਾ ਸਕਦੇ ਹੋ

Business Hours:
Mon-Fri: 8am to 6pm
Sat-Sun: 12 pm to 6 pm

604-902-1415

#A/B/C 7967-128St, Surrey, BC V3W 4E7

Email:sales@peacefurnituire.ca

Web:www.peacefurniture.ca